SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | **Vol 23* Issue 187** | **Friday, 11 October 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਵੀ ਪੜ੍ਹ ਸਕਦੇ ਹੋ


## ਟੋਰਾਂਟੋ ਵਿੱਚ ਲੁਟੇਰੇ ਨਕਦੀ ਨਾਲ ਭਰਿਆ ਸੂਟਕੇਸ ਲੈ ਕੇ ਫਰਾਰ

ਟੋਰਾਂਟੋ, 10 ਅਕਤੂਬਰ (ਪੋਸਟ ਬਿਊਰੋ): ਟੋਰਾਂਟੋ ਦੇ ਉੱਤਰ ਵਿੱਚ ਪੁਲਿਸ ਨੇ ਥਾਰਨਹਿਲ ਵਿੱਚ ਇੱਕ ਹਿੰਸਕ ਡਕੈਤੀ ਦਾ ਵੀਡੀਓ ਜਾਰੀ ਕੀਤਾ ਹੈ, ਜਿਸ ਵਿੱਚ ਲੁਟੇਰਿਆਂ ਨੇ ਪੀੜਤ ਦੀ ਕਾਰ ਵਿੱਚ ਵੜਕੇ ਨਕਦੀ ਨਾਲ ਭਰਿਆ ਸੂਟਕੇਸ ਲੁੱਟ ਲਿਆ।

ਯਾਰਕ ਰੀਜਨਲ ਪੁਲਿਸ ਨੇ ਵੀਰਵਾਰ ਨੂੰ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਕਿ ਇਹ ਘਟਨਾ 8 ਅਕਤੂਬਰ ਨੂੰ ਸ਼ਾਮ 5 ਵਜੇ ਤੋਂ ਬਾਅਦ ਯੋਂਗ ਸਟਰੀਟ ਅਤੇ ਮੀਡੋਵਿਊ ਐਵੇਨਿਊ ਕੋਲ ਇੱਕ ਵਾਣਿਜਿਕ ਪਲਾਜਾ ਵਿੱਚ ਹੋਈ।

ਪੀੜਤ ਉਸ ਸਮੇਂ ਪਲਾਜ਼ਾ ਵਿਚੋਂ ਗੁਜਰ ਰਿਹਾ ਸੀ, ਜਦੋਂ ਉਸਦੀ ਗੱਡੀ ਨੂੰ ਇੱਕ ਸਫੇਦ ਲੇਕਸਸ ਐੱਸਯੂਵੀ ਅਤੇ ਇੱਕ ਸਫੇਦ ਮਰਸਿਡੀਜ਼-ਬੇਂਜ਼ ਨੇ ਘੇਰ ਲਿਆ।

ਵੀਡੀਓ ਵਿੱਚ, ਗੂੜੇ ਰੰਗ ਦੇ ਕੱਪੜੇ ਪਹਿਨੇ ਤਿੰਨ ਮੁਲਜ਼ਮਾਂ ਨੂੰ ਪੀੜਤ ਦੀ ਗੱਡੀ ਦੇ ਡਰਾਈਵਰ-ਸਾਈਡ ਦੇ ਦਰਵਾਜ਼ੇ 'ਤੇ ਲੱਤ ਮਾਰਦੇ ਅਤੇ ਤੋੜਦੇ ਹੋਏ ਵੇਖਿਆ ਜਾ ਸਕਦਾ ਹੈ। ਆਖਿਰਕਾਰ, ਦਰਵਾਜ਼ਾ ਖੁੱਲ੍ਹਦਾ ਹੈ ਅਤੇ ਪੀੜਤ ਨੂੰ ਬਾਹਰ ਕੱਢਿਆ ਜਾਂਦਾ ਹੈ ਅਤੇ ਵਾਰ-ਵਾਰ ਹਮਲਾ ਕੀਤਾ ਜਾਂਦਾ ਹੈ।



ਇੱਕ ਜਗ੍ਹਾ 'ਤੇ ਇੱਕ ਸ਼ੱਕੀ ਨੂੰ ਪੀੜਤ ਦੇ ਵਾਹਨ ਵਿਚੋਂ ਕੈਰੀ-ਆਨ ਸਟਾਈਲ ਸੂਟਕੇਸ ਕੱਢਦੇ ਹੋਏ ਵੇਖਿਆ ਗਿਆ, ਜਿਸ ਬਾਰੇ ਵਿੱਚ ਪੁਲਿਸ ਨੇ ਕਿਹਾ ਕਿ ਉਸ ਵਿੱਚ ਨਕਦੀ ਭਰੀ ਹੋਈ ਸੀ ਅਤੇ ਸ਼ੱਕੀ ਦੋਨਾਂ ਵਾਹਨਾਂ ਵਿੱਚ ਬੈਠਕੇ ਘਟਨਾ ਸਥਾਨ ਤੋਂ ਭੱਜ ਗਏ। ਪੁਲਿਸ ਨੇ ਕਿਹਾ ਕਿ ਪੀੜਤ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਪੁਲਿਸ ਨੇ ਤਿੰਨਾਂ ਮੁਲਜ਼ਮਾਂ ਨੂੰ ਪੁਰਸ਼ ਦੱਸਿਆ ਹੈ। ਜਾਂਚਕਰਤਾਵਾਂ ਨੇ ਕਿਹਾ ਕਿ ਲੇਕਸਸ ਨੂੰ ਉਸ ਦਿਨ ਪਹਿਲਾਂ ਟੋਰਾਂਟੋ ਵਿੱਚ ਚੋਰੀ ਹੋਣ ਦੀ ਸੂਚਨਾ ਮਿਲੀ ਸੀ ਅਤੇ ਇਸਦਾ ਲਾਈਸੈਂਸ ਪਲੇਟ ਨੰਬਰ ਡੀਸੀਡੀਐੱਲ 270 ਹੈ। ਪੁਲਿਸ ਨੇ ਕਿਹਾ ਕਿ ਮਰਸਿਡੀਜ਼-ਬੇਂਜ਼ ਦੀ ਲਾਈਸੈਂਸ ਪਲੇਟ, ਸੀਕੇਡੀਵਾਈ 286, ਵਾਹਨ 'ਤੇ ਰਜਿਸਟਰਡ ਨਹੀਂ ਸੀ। ਜਾਂਚਕਰਤਾਵਾਂ ਨੇ ਸ਼ੱਕੀ ਵਾਹਨਾਂ ਦੇ ਡਰਾਈਵਰਾਂ ਬਾਰੇ ਜਾਣਕਾਰੀ ਜਾਰੀ ਨਹੀਂ ਕੀਤਾ।

## ਬਰੈਂਪਟਨ ਦੇ ਘਰ ਵਿੱਚ ਇੱਕ ਵਿਅਕਤੀ ਮਿਲਿਆ ਮ੍ਰਿਤ, ਪੁਲਿਸ ਕਰ ਰਹੀ ਜਾਂਚ



ਬਰੈਂਪਟਨ, 10 ਅਕਤੂਬਰ (ਪੋਸਟ ਬਿਊਰੋ): ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਕੱਲ੍ਹ ਰਾਤ ਬਰੈਂਪਟਨ ਦੇ ਇੱਕ ਘਰ ਵਿੱਚ ਇੱਕ ਵਿਅਕਤੀ ਦੇ ਮ੍ਰਿਤ ਮਿਲਣ ਤੋਂ ਬਾਅਦ ਹੋਮੀਸਾਈਡ ਡਿਟੈਕਟਿਵਜ਼ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਬੁੱਧਵਾਰ ਨੂੰ ਸ਼ਾਮ ਕਰੀਬ 5:40 ਵਜੇ ਮੈਡੀਕਲ ਸਹਾਇਤਾ ਕਾਲ ਮਿਲਣ ਤੋਂ ਬਾਅਦ ਅਧਿਕਾਰੀ ਡਿਕਸੀ ਰੋਡ ਅਤੇ ਵਿਲੀਅਮਜ਼ ਪਾਰਕਵੇ ਦੇ ਇਲਾਕੇ ਵਿੱਚ ਲਾਰਡ ਸਿਮਕੋ ਡਰਾਈਵ 'ਤੇ ਸਥਿਤ ਘਰ ਵਿਚ ਪਹੁੰਚੇ।

ਪੁਲਿਸ ਨੇ ਕੁੱਝ ਬਿਓਰਾ ਜਾਰੀ ਕੀਤਾ ਪਰ ਅਧਿਕਾਰੀ ਘੰਟਿਆਂ ਤੱਕ ਘਰ ਦੇ ਬਾਹਰ ਰਹੇ। ਘਰ ਵਿਚ ਫੋਰੈਂਸਿਕ ਆਈਡੈਂਟੀਫਕੇਸ਼ਨ ਸਰਵਿਸ ਵੀ ਆਈ ਸੀ।

ਇੱਕ ਗੁਆਂਢੀ ਅਨੁਸਾਰ ਇੱਕ ਵਿਅਕਤੀ ਨੂੰ ਹੱਥਕੜੀ ਵਿੱਚ ਲਿਜਾਇਆ ਗਿਆ ਸੀ। ਪਰ ਪੁਲਿਸ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਕੀਤੀ। ਕੋਰੋਨਰ ਨੇ ਹਾਲੇ ਤੱਕ ਮੌਤ ਦੇ ਕਾਰਨ ਦੀ ਪੁਸ਼ਟੀ ਨਹੀਂ ਕੀਤੀ ਹੈ। ਪੁਲਿਸ ਨੇ ਕਿਹਾ ਕਿ ਉਹ ਅੱਗੇ ਦੀ ਜਾਣਕਾਰੀ ਮਿਲਣ ਤੱਕ ਘਟਨਾ ਸਥਾਨ 'ਤੇ ਨਜ਼ਰ ਰੱਖ ਰਹੇ ਹਨ। ਮਰਨੇ ਵਾਲੇ ਵਿਅਕਤੀ ਬਾਰੇ ਹਾਲੇ ਤੱਕ ਕੋਈ ਜਾਣਕਾਰੀ ਨਹੀਂ ਹੈ।

## ਸਾਈਕਲਿੰਗ ਨੂੰ ਸ਼ਹਿਰ 'ਚ ਉਤਸ਼ਾਹਿਤ ਕਰਨ ਲਈ ਮਿਸੀਸਾਗਾ ਦੇਵੇਗਾ ਤਿੰਨ ਨਵੇਂ ਅਵਾਰਡ

### ਨਾਮੀਨੇਸ਼ਨ ਲਈ ਦਸਤਾਵੇਜ਼ਾਂ ਸਮੇਤ 13 ਦਸੰਬਰ ਤੱਕ ਕਰੋ ਅਪਲਾਈ



ਮਿਸੀਸਾਗਾ, 10 ਅਕਤੂਬਰ (ਪੋਸਟ ਬਿਊਰੋ): ਮਿਸੀਸਾਗਾ ਐਡਵਾਇਜ਼ਰੀ ਕਮੇਟੀ (ਐੱਮ.ਸੀ.ਏ.ਸੀ) ਉਨ੍ਹਾਂ ਲੋਕਾਂ ਦੀ ਭਾਲ ਕਰ ਰਹੀ ਹੈ, ਜਿਨ੍ਹਾਂ ਨੇ ਮਿਸੀਸਾਗਾ ਵਿਚ ਸਾਈਕਲ ਨੂੰ ਆਵਾਜਾਈ ਦੇ ਬਦਲ ਵਜੋਂ ਅਪਣਾਉਣ ਲਈ ਹੋਰਾਂ ਨੂੰ ਪ੍ਰੇਰਿਤ ਕੀਤਾ ਹੈ। ਹਰ ਸਾਲ ਦਿੱਤੇ ਜਾਂਦੇ ਫਿਲ ਗ੍ਰੀਨ ਰੈਕੋਗਨਿਸ਼ਨ ਅਵਾਰਡ ਤੋਂ ਇਲਾਵਾ ਕਮੇਟੀ ਤਿੰਨ ਨਵੇਂ ਅਵਾਰਡ ਸ਼ੁਰੂ ਕਰਨ ਜਾ ਰਹੀ ਹੈ। ਇਹ ਅਵਾਰਡ ਹਨ, ਬਿਜ਼ਨਸ ਰੈਕੋਗਨਿਸ਼ਨ ਅਵਾਰਡ, ਯੂਥ/ਸਕੂਲ ਸਾਇਕਲਿੰਗ ਰੈਕੋਗਨਿਸ਼ਨ ਅਵਾਰਡ ਅਤੇ ਸਾਈਕਲਿੰਗ ਇਕੁਇਟੀ, ਡਾਇਵਰਸਿਟੀ ਐਂਡ ਇਨਕਲੂਸ਼ਨ ਰੈਕੋਗਨਿਸ਼ਨ ਅਵਾਰਡ, ਜੋ ਕਿ ਵੱਖ-ਵੱਖ ਖੇਤਰ 'ਚ ਸਾਇਕਲਿੰਗ ਨੂੰ ਉਤਸ਼ਾਹਿਤ ਕਰਨ ਵਾਲੇ ਲੋਕਾਂ ਨੂੰ ਦਿੱਤੇ ਜਾਣਗੇ।

ਅਵਾਰਡਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਫਿਲ ਗ੍ਰੀਨ ਰੈਕੋਗਨਿਸ਼ਨ ਅਵਾਰਡ:

ਇਹ ਅਵਾਰਡ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ 2024 'ਚ ਮਿਸੀਸਾਗਾ 'ਚ ਸਾਈਕਲਿੰਗ ਜਾਂ ਕਿਸੇ ਹੋਰ ਕੁਦਰਤੀ ਊਰਜਾ ਵਾਲੇ ਵਿਕਲਪ ਨੂੰ ਆਵਾਜਾਈ ਲਈ ਚੁਣਨ 'ਚ ਬਿਹਤਰੀਨ ਯੋਗਦਾਨ ਦਿੱਤਾ ਹੈ। ਅਵਾਰਡ ਮਿਸੀਸਾਗਾ ਦੇ ਰਹਿਣ ਵਾਲੇ ਫਿਲ ਗ੍ਰੀਨ, ਜੋ ਕਿ ਐੱਮ.ਸੀ.ਏ.ਸੀ. ਦੇ ਫਾਊਂਡਰ ਮੈਂਬਰਾਂ ਵਿਚੋਂ ਸਨ, ਨੂੰ ਸਤਿਕਾਰ ਦੇਣ ਲਈ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਮਿਸੀਸਾਗਾ ਵਿਚ ਸੁਰੱਖਿਅਤ ਸਾਈਕਲਿੰਗ ਨੂੰ ਉਤਸ਼ਾਹਿਤ ਕਰਨ ਲਈ ਬਿਹਤਰੀਨ ਯੋਗਦਾਨ ਦਿੱਤਾ ਹੈ।

...ਬਾਕੀ ਪੰਨਾ 2 'ਤੇ


Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
MAGGAS MEDICAL INC.
(647) 954-9885
20 Maritime Ont Blvd Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ




## ਅੱਜ ਨਾਮਾ

ਪਿੰਡ ਪੱਧਰ ਦੀ ਸੱਤਾ ਲਈ ਬਹੁਤ ਰੱਫੜ,
ਵਧ ਗਿਆ ਪਿੰਡਾਂ ਦੇ ਵਿੱਚ ਤਨਾਅ ਬੇਲੀ।
ਕਿੱਥੇ ਚੱਲੀ ਆ ਗੋਲੀ, ਕਿੱਥੇ ਨਹੀਂ ਚੱਲੀ,
ਪੁੱਛਿਆਂ ਬਿਨਾਂ ਸਭ ਥਾਂਏਂ ਖਿਚਾਅ ਬੇਲੀ।
ਚੌਧਰਾਂ ਭਾਲ ਰਹੇ ਚੇਲੇ ਕਈ ਆਗੂਆਂ ਦੇ,
ਜਿਸ ਵੀ ਪਾਰਟੀ ਦਾ ਲੱਗਣਾ ਦਾਅ ਬੇਲੀ।
ਚੋਣ ਬਾਜ਼ਾਰ ਵਿੱਚ ਬਹੁਤ ਦਲਾਲ ਫਿਰਦੇ,
ਵਧਿਆ ਵੋਟ ਲਈ ਬਹੁਤ ਹੈ ਭਾਅ ਬੇਲੀ।
ਕਰ ਕੇ ਖਰਚ ਸਰਪੰਚੀ ਇਹ ਭਾਲਦੇ ਈ,
ਨੇਕੀ ਪਿੰਡ ਦੇ ਨਾਲ ਨਹੀਂ ਕਰਨਗੇ ਇਹ।
ਏਧਰ-ਓਧਰੋਂ ਜਿੱਥੋਂ ਵੀ ਮਾਲ ਮਿਲਿਆ,
ਜੇਬ ਆਪਣੀ ਰਾਤ-ਦਿਨ ਭਰਨਗੇ ਇਹ।

**ਤੀਸ ਮਾਰ ਖਾਂ**

# ਕੈਨੇਡਾ ਦੀ ਫੀਲਡ ਹਾਕੀ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬੀ ਮੂਲ ਦੀਆਂ ਖਿਡਾਰਣਾਂ ਸ਼ਾਮਿਲ

ਕੈਲਗਰੀ, 10 ਅਕਤੂਬਰ (ਪੋਸਟ ਬਿਊਰੋ): ਜਪਾਨ ਦੇ ਦੌਰੇ ਤੇ ਜਾ ਰਹੀ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਜਗ੍ਹਾ ਮਿਲੀ ਹੈ।ਪਰਮਦੀਪ ਗਿੱਲ,ਪਰਵਾ ਸੰਧੂ, ਪ੍ਰਭਲੀਨ ਗਰੇਵਾਲ ਅਤੇ ਬਵਨੀਤ ਹੋਠੀ ਨੂੰ ਇਸ ਟੀਮ ਵਲੋਂ ਖੇਡਣ ਦਾ ਮੌਕਾ ਮਿਲੇਗਾ।ਫੀਲਡ ਹਾਕੀ ਕੈਨੇਡਾ ਟੀਮ ਦੀ ਘੋਸ਼ਣਾ ਦੇ ਨਾਲ਼ ਹੀ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਇਸ ਟੀਮ ਵਿੱਚ 23 ਸਾਲ ਤੋਂ ਘੱਟ ਉਮਰ ਦੀਆਂ ਖਿਡਾਰਨਾਂ ਨੂੰ ਮੌਕਾ ਦਿੱਤਾ ਗਿਆ ਤਾਂ ਕਿ ਭਵਿੱਖ ਲਈ ਸੀਨੀਅਰ ਟੀਮ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਤਰਾਸ਼ਿਆ ਜਾ ਸਕੇ।

ਗੋਲਕੀਪਰ ਪਰਮਦੀਪ ਗਿੱਲ ਬ੍ਰਹਮਟਨ ਤੋਂ ਹੈ ਤੇ ਹਾਕੀ ਨੂੰ ਸਮਰਪਿਤ ਪਰਿਵਾਰ ਦੀ ਬੇਟੀ ਹੈ।ਕੈਨੇਡਾ ਦੇ ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਤੋਂ ਇਲਾਵਾ ਯੂਨੀਵਰਸਿਟੀ ਸੀਜ਼ਨ ਵਿੱਚ ਪਰਮਦੀਪ ਬਹੁਤ ਹੀ ਵਧੀਆ ਖੇਡ ਦਿਖਾ ਚੁੱਕੀ ਹੈ।ਇਸ ਤੋਂ ਹਿਲਾਂ ਪਰਮਦੀਪ ਨੇ ਸਾਲ 2023 ਵਿੱਚ ਇਨਡੋਰ ਵਿਸ਼ਵ ਕੱਪ ਵਿੱਚ ਕੈਨੇਡਾ ਵਲੋਂ ਭਾਗ ਲਿਆ ਸੀ।ਪਰਵਾ ਸੰਧੂ ਸਰੀ ਦੇ ਇੰਡੀਆ ਕਲੱਬ ਤੋਂ ਹੈ ਤੇ ਫੀਲਡ ਹਾਕੀ ਨੂੰ ਸਮਰਪਿਤ ਪਰਿਵਾਰ ਨਾਲ਼ ਸੰਬੰਧ ਰੱਖਦੀ ਹੈ।ਪਰਵਾ ਦੀ ਵੱਡੀ ਭੈਣ ਪੂਨਮ ਸੰਧੂ ਤੇ ਪਿਤਾ ਉਲੰਪੀਅਨ ਨਿੱਕ ਸੰਧੂ ਤੋਂ ਹਰ ਖੇਡ ਪ੍ਰੇਮੀ ਜਾਣੂੰ ਹੈ।ਪਰਵਾ ਨੇ ਇਸ ਤੋਂ ਪਹਿਲਾਂ 2023 ਦੇ ਵਿਸ਼ਵ ਕੱਪ ਵਿੱਚ ਭਾਗ ਲਿਆ ਸੀ।ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਵਲੋਂ ਫੀਲਡ ਹਾਕੀ ਪੁਜ਼ੀਸ਼ਨ ਤੇ ਖੇਡਦੀ ਹੈ।ਪ੍ਰਭਲੀਨ ਦਾ ਪਰਿਵਾਰਕ ਪਿਛੋਕੜ ਖੇਡਾਂ ਲਈ ਮਸ਼ਹੂਰ ਪਿੰਡ ਕਿਲਾ ਰਾਏਪੁਰ ਤੋਂ ਹੈ।ਪ੍ਰਭਲੀਨ ਸਾਲ 2023 ਵਿੱਚ ਕੈਨੇਡਾ ਦੀ ਜੂਨੀਅਰ ਟੀਮ ਵਲੋਂ ਫਰਾਂਸ ਦਾ ਦੌਰਾ ਕਰ ਚੁੱਕੀ ਹੈ।ਚੌਥੀ ਖਿਡਾਰਨ ਬਵਨੀਤ ਹੋਠੀ ਸਰੀ ਦੇ ਟਾਈਗਰਜ਼ ਕਲੱਬ ਦੀ ਖਿਡਾਰਨ ਹੈ।ਬਵਨੀਤ ਕੈਨੇਡਾ ਦੇ ਨੈਸ਼ਨਲ ਟੂਰਨਾਮੈਂਟਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਸਰਗਰਮ ਹੈ।ਜਪਾਨ ਦੌਰੇ ਲਈ ਚਾਰ ਪੰਜਾਬੀ ਮੂਲ ਦੀਆਂ ਖਿਡਾਰਨਾਂ ਦੀ ਚੋਣ ਤੋਂ ਬਾਅਦ ਕੈਨੇਡਾ ਦੇ ਪੰਜਾਬੀ ਕਲੱਬ ਵਿੱਚ ਭਾਰੀ ਉਤਸ਼ਾਹ ਹੈ।ਇਸ ਨਾਲ ਭਵਿੱਖ ਵਿੱਚ ਹੋਰ ਪੰਜਾਬੀ ਮੂਲ ਦੀਆਂ ਖਿਡਾਰਨਾਂ ਦੇ ਫੀਲਡ ਹਾਕੀ ਨਾਲ਼ ਜੁੜਨ ਦੀ ਉਮੀਦ ਬੱਝੀ ਹੈ।



ਪਰਮਦੀਪ ਗਿੱਲ | ਪਰਵਾ ਸੰਧੂ | ਪ੍ਰਭਲੀਨ ਗਰੇਵਾਲ | ਬਵਨੀਤ ਹੋਠੀ

## ਗੈਸ ਸਟੇਸ਼ਨ ’ਤੇ ਲੁੱਟਖੋਹ ਦੌਰਾਨ ਗੋਲੀ ਲੱਗਣ ਨਾਲ ਇੱਕ ਵਿਅਕਤੀ ਗੰਭੀਰ ਜ਼ਖ਼ਮੀ

ਬੈਰੀ, 10 ਅਕਤੂਬਰ (ਪੋਸਟ ਬਿਊਰੋ): ਪ੍ਰੋਵਿਨਸ਼ੀਅਲ ਪੁਲਿਸ ਅਮਰਨਾਥ ਟਾਊਨਸ਼ਿਪ ਵਿੱਚ ਇੱਕ ਹਥਿਆਰਬੰਦ ਡਕੈਤੀ ਦੀ ਰਿਪੋਰਟ ਦੀ ਜਾਂਚ ਕਰ ਰਹੀ ਹੈ ਜਿਸ ਵਿੱਚ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਹੈ।

ਡਫਰਿਨ ਓਪੀਪੀ ਅਧਿਕਾਰੀਆਂ ਨੂੰ ਸੋਮਵਾਰ ਰਾਤ ਕਰੀਬ 11:40 ਵਜੇ ਕਾਊਂਟੀ ਰੋਡ 109 ’ਤੇ ਬੁਲਾਇਆ ਗਿਆ। ਫਾਇਰਆਰਮਜ਼ ਨਾਲ ਲੈਸ ਇੱਕ ਸ਼ੱਕੀ ਗੈਸ ਸਟੇਸ਼ਨ ਵਿੱਚ ਦਾਖਲ ਹੋ ਗਿਆ।

ਪੁਲਿਸ ਅਨੁਸਾਰ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ ਅਤੇ ਉਸਨੂੰ ਗੰਭੀਰ ਸੱਟ ਕਾਰਨ ਟਰਾਮਾ ਸੈਂਟਰ ਵਿੱਚ ਲਿਜਾਣਾ ਪਿਆ। ਪੀੜਤ ਦੀ ਪਹਿਚਾਣ ਜਾਰੀ ਨਹੀਂ ਕੀਤੀ ਗਈ ਹੈ। ਇਹ ਸਪੱਸ਼ਟ ਨਹੀਂ ਹੈ ਕਿ ਜਖ਼ਮੀ ਵਿਅਕਤੀ ਗਾਹਕ ਸੀ ਜਾਂ ਸਟੋਰ ਕਲਰਕ।



ਪੁਲਿਸ ਨੇ ਕਿਹਾ ਕਿ ਮੁਲਜ਼ਮ ਨੇ ਨੀਲਾ ਸਰਜੀਕਲ ਮਾਸਕ, ਫਰ-ਲਾਈਡ ਵਾਲਾ ਹੁਡ ਵਾਲਾ ਲੰਬਾ ਕਾਲ਼ਾ ਕੋਟ, ਕਾਲੀ ਪੈਂਟ, ਕਾਲੇ ਜੁੱਤੇ ਅਤੇ ਕਾਲੇ ਦਸਤਾਨੇ ਪਹਿਨੇ ਸਨ। ਉਹ ਘਟਨਾ ਸਥਾਨ ਤੋਂ ਭੱਜ ਗਿਆ। ਜਾਣਕਾਰੀ ਅਨੁਸਾਰ ਹਾਲੇ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

## ਪੁਲਿਸ ਨੇ ਸੈਂਡੀ ਹਿੱਲ ਵਿੱਚ ਵਾਹਨ ਚੋਰੀ ਦੇ ਮੁਲਜ਼ਮ ਦੀ ਭਾਲ ਲਈ ਲੋਕਾਂ ਤੋਂ ਮੰਗੀ ਮਦਦ

ਓਟਵਾ, 10 ਅਕਤੂਬਰ (ਪੋਸਟ ਬਿਊਰੋ): ਓਟਵਾ ਪੁਲਿਸ ਸਰਵਿਸ ਪਿਛਲੇ ਮਹੀਨੇ ਸੈਂਡੀ ਹਿੱਲ ਵਿੱਚ ਇੱਕ ਵਾਹਨ ਚੋਰੀ ਵਿੱਚ ਸ਼ਾਮਿਲ ਇੱਕ ਸ਼ੱਕੀ ਦੀ ਪਹਿਚਾਣ ਕਰਨ ਵਿੱਚ ਲੋਕਾਂ ਤੋਂ ਮਦਦ ਮੰਗ ਰਹੀ ਹੈ।

ਪੁਲਿਸ ਅਨੁਸਾਰ ਇਹ ਘਟਨਾ 15 ਸਤੰਬਰ ਨੂੰ ਦੁਪਹਿਰ 1:45 ਵਜੇ ਤੋਂ ਸ਼ਾਮ 4:30 ਵਜੇ ਦੇ ਵਿਚਕਾਰ ਹੋਈ, ਜਦੋਂ ਸ਼ੱਕੀ ਨੇ ਕਹੀ ਤੌਰ ’ਤੇ ਕਿੰਗ ਏਡਵਰਡ ਏਵੇਨਿਊ ਦੇ 800 ਬਲਾਕ ਵਿੱਚ ਖੜ੍ਹੀ ਇੱਕ ਕਾਰ ਵਿੱਚੋਂ ਕੀਮਤੀ ਸਾਮਾਨ ਚੋਰੀ ਕਰ ਲਿਆ।

ਉਸਨੂੰ ਦਰਮਿਆਨੇ ਕੱਦ ਅਤੇ ਕਾਲੇ ਵਾਲਾਂ ਵਾਲਾ ਇੱਕ ਗੋਰਾ ਆਦਮੀ ਦੱਸਿਆ ਗਿਆ ਹੈ। ਘਟਨਾ ਸਮੇਂ ਉਸਨੇ ਗੂੜੇ ਰੰਗ ਦੇ ਕੱਪੜੇ, ਡਾਰਕ ਰੰਗ ਦੇ ਜੁੱਤੇ



ਪਹਿਨੇ ਹੋਏ ਸਨ ਅਤੇ ਉਸ ਕੋਲ ਇੱਕ ਕਾਲ਼ਾ ਅਤੇ ਹਰਾ/ਪੀਲਾ ਬੈਗ ਸੀ। ਜਿਸ ਕਿਸੇ ਨੂੰ ਇਸ ਬਾਰੇ ਕੋਈ ਜਾਣਕਾਰੀ ਹੋਵੇ ਉਹ ਪੁਲਿਸ ਨੂੰ 613-236-1222 ’ਤੇ ਸੂਚਨਾ ਦੇ ਸਕਦਾ ਹੈ।

## ਸਾਈਕਲਿੰਗ ਨੂੰ ਸ਼ਹਿਰ ’ਚ ਉਤਸ਼ਾਹਿਤ ਕਰਨ ਲਈ ਮਿਸੀਸਾਗਾ ਦੇਵੇਗਾ ਤਿੰਨ ਨਵੇਂ ਅਵਾਰਡ

ਪੰਨਾ 1 ਦਾ ਬਾਕੀ

ਸਾਈਕਲਿੰਗ ਇਕੁਇਟੀ, ਡਾਇਵਰਸਿਟੀ ਐਂਡ ਇਨਕਲੂਸ਼ਨ ਰੈਕੋਗਨਿਸ਼ਨ ਅਵਾਰਡ :
ਇਹ ਅਵਾਰਡ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਮਿਸੀਸਾਗਾ ਵਿਚ ਸਾਇਕਲਿੰਗ ਨੂੰ ਉਤਸ਼ਾਹਿਤ ਕਰਨ ਲਈ ਵਿਭਿੰਨਤਾ, ਹਿੱਸੇਦਾਰੀ ਅਤੇ ਸਮਾਵੇਸ਼ ਨੂੰ ਅਪਣਾਇਆ ਅਤੇ ਅਪੰਗਾਂ, ਗਰੀਬਾਂ ਜਾਂ ਹੋਰ ਪਛੜੇ ਭਾਈਚਾਰਿਆਂ ਨੂੰ ਸਰੋਤ ਮੁਹੱਈਆ ਕਰਵਾਉਣ ਲਈ ਪ੍ਰੋਗਰਾਮ ਕਰਵਾਏ ਹੋਣ।

ਬਿਜ਼ਨਸ ਰੈਕੋਗਨਿਸ਼ਨ ਅਵਾਰਡ :
ਇਹ ਅਵਾਰਡ ਉਨ੍ਹਾਂ ਕਾਰੋਬਾਰੀਆਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਸਾਈਕਲਿੰਗ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਕਾਮੇ ਜਾਂ ਗਾਹਕਾਂ ਲਈ ਸਾਈਕਲ ਪਾਰਕਿੰਗਜ਼ ਬਣਵਾਈਆਂ ਹੋਣ ਜਾਂ ਸਾਇਕਲ ਦੀ ਵਰਤੋਂ ਕਰਨ ਵਾਲਿਆਂ ਲਈ ਛੋਟਾਂ ਦਿੱਤੀਆਂ ਹੋਣ।

ਯੂਥ/ਸਕੂਲ ਸਾਈਕਲਿੰਗ ਰੈਕੋਗਨਿਸ਼ਨ ਅਵਾਰਡ :
ਇਹ ਅਵਾਰਡ ਉਸ ਵਿਦਿਅਰਥੀ ਜਾਂ ਵਿਦਿਆਰਥੀਆਂ ਦੇ ਸਮੂਹ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਮਿਸੀਸਾਗਾ ਵਿਚ ਸਇਕਲਿੰਗ ਨੂੰ ਉਤਸ਼ਾਹਿਤ ਕਰਨ ਲਈ ਉਦਾਹਰਣਾਂ ਸੈੱਟ ਕੀਤੀਆਂ ਹੋਣ।

ਅਵਾਰਡ ਲਈ ਯੋਗਤਾ :
- ਉਹ ਮਿਸੀਸਾਗਾ ਦਾ ਵਸਨੀਕ ਹੋਵੇ।
- ਉਹ ਅਤੇ ਉਸ ਦੇ ਪਰਿਵਾਰ ਵਿਚੋਂ ਕੋਈ ਵੀ ਐੱਮ.ਸੀ.ਏ.ਸੀ. ਦੀ ਘੱਟ ਤੋਂ ਘੱਟ ਫੁਲ ਟਰਮ ਦਾ ਮੈਂਬਰ ਨਾ ਹੋਵੇ।
- ਉਹ ਅਤੇ ਉਸ ਦੇ ਪਰਿਵਾਰ ਵਿਚੋਂ ਕੋਈ ਵੀ ਮਿਸੀਸਾਗਾ ਜਾਂ ਪੀਲ ਰੀਜਨ ਦੇ ਸਾਇਕਲਿੰਗ ਜਾਂ ਸਸਟੇਨੇਬਲ ਟਰਾਂਸਪੋਰਟ ਵਿਭਾਗ ’ਚ ਕੰਮ ਨਾ ਕਰਦਾ ਹੋਵੇ।
- ਉਸ ਨੂੰ ਪਿਛਲੇ ਚਾਰ ਸਾਲਾਂ ਵਿਚ ਐੱਮ.ਸੀ.ਏ.ਸੀ. ਤੋਂ ਕੋਈ ਅਵਾਰਡ ਨਾ ਮਿਲਿਆ ਹੋਵੇ।

ਨਾਮੀਨੇਟਸ਼ਨ ਇਸ ਤਰ੍ਹਾਂ ਕਰੋ:
ਨਾਮੀਨੇਸ਼ਨ ਲਿਖਤੀ ਭਰਿਆ ਜਾਵੇ ਤੇ ਉਹ ਵਿਅਕਤੀ ਅਵਾਰਡ ਲਈ ਕਿਉਂ ਯੋਗ ਹੈ, ਇਹ ਉਸ ਵਿਚ ਸਪੱਸ਼ਟ ਲਿਖਿਆ ਹੋਵੇ। ਕਿਸੇ ਦੇ ਵੀ ਖ਼ੁਦ ਦੇ ਨਾਮੀਨੇਸ਼ਨ ਭਰਨ ’ਤੇ ਮਨ੍ਹਾਹੀ ਹੈ।

ਨਾਮੀਨੇਸ਼ਨ ਵਿਚ ਉਸ ਵਿਅਕਤੀ ਦੇ ਯੋਗਦਾਨ ਬਾਰੇ ਦੱਸਿਆ ਗਿਆ ਹੋਵੇ ਤੇ ਉਸ ਦੇ ਪੱਖ ਵਿਚ ਵਿਅਕਤੀਗਤ ਜਾਂ ਆਰਗੇਨਾਈਜ਼ੇਸ਼ਨ ਵਲੋਂ ਘੱਟੋ ਘੱਟ ਦੋ ਪੱਤਰ ਫਾਰਮ ਦੇ ਨਾਲ ਨੱਥੀ ਹੋਣ। ਨਾਮੀਨੇਸ਼ਨ ਫਾਰਮ mississauga.ca ਤੋਂ ਡਾਊਨਲੋਡ ਕਰ ਕੇ cycling@mississauga.ca ’ਤੇ ਈਮੇਲ ਕੀਤੇ ਜਾਣ। ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਤਰੀਕ 13 ਦਸੰਬਰ, 2024 ਰਾਤ 11:59 ਵਜੇ ਤੱਕ ਹੈ। ਜੇਤੂਆਂ ਦਾ ਐਲਾਨ 2025 ਦੇ ਸ਼ੁਰੂ ਵਿਚ ਹੋਣ ਵਾਲੀ ਸਿਟੀ ਕੌਂਸਲ ਦੀ ਮੀਟਿੰਗ ਵਿਚ ਕੀਤਾ ਜਾਵੇਗਾ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca
GroVerCPA
Professional Corporation
214-7895 Tranmere Drive, Mississauga ON L5S 1V9


## ਚੋਣਾਂ ਤੋਂ ਪਹਿਲਾਂ ਟਰੰਪ ਨੇ ਫਿਰ ਕੀਤੀ ਮੋਦੀ ਦੀ ਤਾਰੀਫ: ਕਿਹਾ- ਮੋਦੀ ਟੋਟਲ ਕਿਲਰ

ਵਾਸ਼ਿੰਗਟਨ, 10 ਅਕਤੂਬਰ (ਪੋਸਟ ਬਿਉਰੋ): ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੋਣਾਂ ਤੋਂ ਪਹਿਲਾਂ ਇਕ ਵਾਰ ਫਿਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ ਕੀਤੀ ਹੈ। ਪਿਛਲੇ ਦੋ ਮਹੀਨਿਆਂ ਵਿੱਚ ਇਹ ਦੂਜੀ ਵਾਰ ਹੈ ਜਦੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ਼ ਵਿੱਚ ਗੀਤ ਗਾਏ ਹਨ। ਇਕ ਪੋਡਕਾਸਟ 'ਚ ਚਰਚਾ ਦੌਰਾਨ ਟਰੰਪ ਨੇ ਕਿਹਾ ਕਿ ਮੋਦੀ ਟੋਟਲ ਕਿਲਰ ਹਨ।



ਟਰੰਪ ਨੇ ਕਿਹਾ ਕਿ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਭਾਰਤ ਬਹੁਤ ਅਸਥਿਰ ਸੀ। ਉਨ੍ਹਾਂ ਨੇ ਪੀਐੱਮ ਮੋਦੀ ਨੂੰ ਆਪਣਾ ਦੋਸਤ ਅਤੇ ਚੰਗਾ ਇਨਸਾਨ ਵੀ ਕਿਹਾ। ਟਰੰਪ ਨੇ ਕਿਹਾ ਕਿ ਬਾਹਰੋਂ ਉਹ ਪਿਤਾ ਵਾਂਗ ਦਿਖਾਈ ਦਿੰਦੇ ਹਨ। ਮੋਦੀ ਸਭ ਤੋਂ ਵਧੀਆ ਇਨਸਾਨ ਅਤੇ ਪ੍ਰਤਿਭਾਸ਼ਾਲੀ ਵਿਅਕਤੀ ਹਨ।

ਪੋਡਕਾਸਟ 'ਚ ਗੱਲਬਾਤ ਦੌਰਾਨ ਟਰੰਪ ਨੇ ਵੀ ਮੋਦੀ ਦੀ ਨਕਲ ਕੀਤੀ। ਦਰਅਸਲ ਟਰੰਪ ਮੋਦੀ ਨਾਲ ਜੁੜਿਆ ਇਕ ਕਿੱਸਾ ਸੁਣਾ ਰਹੇ ਸਨ। ਉਨ੍ਹਾਂ ਕਿਹਾ ਕਿ ਜਦੋਂ ਉਹ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਨੇ ਇੱਕ ਦੇਸ਼ (ਪਾਕਿਸਤਾਨ) ਨਾਲ ਤਣਾਅ ਦੌਰਾਨ ਭਾਰਤ ਦੀ ਮਦਦ ਕਰਨ ਦੀ ਪੇਸ਼ਕਸ਼ ਕੀਤੀ ਸੀ।

ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਕੁਝ ਮੌਕਿਆਂ 'ਤੇ ਇਕ ਦੇਸ਼ ਭਾਰਤ ਨੂੰ ਧਮਕੀਆਂ ਦੇ ਰਿਹਾ ਸੀ। ਫਿਰ ਉਨ੍ਹਾਂ ਨੇ ਮੋਦੀ ਨੂੰ ਕਿਹਾ ਕਿ ਉਨ੍ਹਾਂ ਦੀ ਮਦਦ ਕਰਨ ਦਿਓ, ਮੈਂ ਉਨ੍ਹਾਂ ਲੋਕਾਂ ਨਾਲ ਚੰਗੀ ਤਰ੍ਹਾਂ ਪੇਸ਼ ਆ ਸਕਦਾ ਹਾਂ।

ਇਸ 'ਤੇ ਟਰੰਪ ਨੇ ਪੀਐੱਮ ਮੋਦੀ ਦੇ ਜਵਾਬ ਦੀ ਨਕਲ ਕੀਤੀ। ਟਰੰਪ ਨੇ ਮੋਦੀ ਦੀ ਆਵਾਜ਼ ਵਿੱਚ ਕਿਹਾ ਕਿ ਮੈਂ ਇਹ ਕਰਾਂਗਾ ਅਤੇ ਜੋ ਵੀ ਜ਼ਰੂਰੀ ਹੋਵੇਗਾ ਉਹ ਸਭ ਕਰਾਂਗਾ। ਅਸੀਂ ਸੈਂਕੜੇ ਸਾਲਾਂ ਤੋਂ ਉਨ੍ਹਾਂ ਨੂੰ ਹਰਾਉਂਦੇ ਆ ਰਹੇ ਹਾਂ। ਪੋਡਕਾਸਟ ਦੌਰਾਨ ਟਰੰਪ ਨੇ ਹਾਉੜੀ ਮੋਦੀ ਪ੍ਰੋਗਰਾਮ ਦਾ ਵੀ ਜ਼ਿਕਰ ਕੀਤਾ।


Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net



ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6





Emergency Contact:
416.910.5676
www.shergilllawfirm.ca

# ਪ੍ਰੋ. ਕੁਲਬੀਰ ਸਿੰਘ ਦੇ ਟੋਰਾਂਟੋ ਆਉਣ ’ਤੇ

ਪ੍ਰਿੰ. ਸਰਵਣ ਸਿੰਘ

ਪ੍ਰੋ. ਕੁਲਬੀਰ ਸਿੰਘ ਪੰਜਾਬੀ ਮੀਡੀਏ ਦਾ ਜਾਣਿਆ ਪਛਾਣਿਆਂ ਨਾਂ ਹੈ। ਚਾਲੀ ਕੁ ਸਾਲ ਪਹਿਲਾਂ ਜਦੋਂ ਉਹ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਬੇਪਛਾਣ ਸੀ। ਪਰ ਸਮਾਂ ਪਾ ਕੇ ਉਸ ਦੀ ਮੀਡੀਆ ਸ਼ਖ਼ਸੀਅਤ ਪੰਜਾਬ ਤੇ ਭਾਰਤ ਤੋਂ ਬਾਹਰ, ਸਿੰਗਾਪੁਰ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਕੈਨੇਡਾ ਤਕ ਪਛਾਣੀ ਜਾਣ ਲੱਗੀ ਹੈ। ਉਸ ਨੂੰ ਪੰਜਾਬ ਰਤਨ ਅਵਾਰਡ, ਸ਼੍ਰੋਮਣੀ ਪੱਤਰਕਾਰ ਅਵਾਰਡ, ਪੰਜਾਬੀ ਮੀਡੀਆ ਦਾ ਮਾਣ ਅਵਾਰਡ ਅਤੇ ਐਕਸੇਲੈਂਸ ਅਵਾਰਡ ਫਾਰ ਪ੍ਰਮੋਟਿੰਗ ਪੰਜਾਬੀ ਮੀਡੀਆ ਆਦਿ ਦਰਜਨ ਤੋਂ ਵੱਧ ਮਾਨ ਸਨਮਾਨ ਮਿਲ ਚੁੱਕੇ ਹਨ। ਉਸ ਦਾ ਕਾਲਮ ‘ਟੈਲੀਵੀਜ਼ਨ ਸਮੀਖਿਆ’ ਤੀਹ ਸਾਲਾਂ ਤੋਂ ਲਗਾਤਾਰ ਛਪ ਰਿਹੈ। ਪਹਿਲਾਂ ‘ਪਰਵਾਸੀ ਪੰਜਾਬੀ ਮੀਡੀਆ’ ਕਾਲਮ ਛਪਦਾ ਰਿਹਾ। ਉਸ ਦੀਆਂ ਬਿਜਲਈ ਮੀਡੀਏ ਸੰਬੰਧੀ ਪੰਜ ਪੁਸਤਕਾਂ, ਦੂਰਦਰਸ਼ਨ ਜਲੰਧਰ: ਇਤਿਹਾਸ ਤੇ ਵਿਕਾਸ, ਹੁਣ ਪ੍ਰਸਾਰਨ ਜਲੰਧਰ ਤੋਂ, ਪਰਵਾਸੀ ਪੰਜਾਬੀ ਮੀਡੀਆ ਭਾਗ ਪਹਿਲਾ, ਪਰਵਾਸੀ ਪੰਜਾਬੀ ਮੀਡੀਆ ਭਾਗ ਦੂਜਾ, ਪਹਿਲੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਤੇ ਸਫ਼ਰਨਾਮਾ ਆਸਟ੍ਰੇਲੀਆ ਵਿਚ ਵੀਹ ਦਿਨ, ਪ੍ਰਕਾਸ਼ਿਤ ਹੋਈਆਂ ਹਨ। ਇੰਗਲੈਂਡ-ਸਕਾਟਲੈਂਡ ਦਾ ਸਫ਼ਰਨਾਮਾ ਛਪਾਈ ਅਧੀਨ ਹੈ।

ਉਸ ਦਾ ਜਨਮ 15 ਜਨਵਰੀ 1957 ਨੂੰ ਪਿੰਡ ਛੱਜਲਵੱਡੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈਡਮਾਸਟਰ ਚਾਨਣ ਸਿੰਘ ਦੇ ਘਰ ਹੋਇਆ। ਮੈਂ ਉਸ ਨੂੰ 1980ਵਿਆਂ ਤੋਂ ਜਾਣਦਾਂ ਜਦੋਂ ਉਹ ਢੁੱਡੀਕੇ ਕਾਲਜ ਵਿਚ ਮੇਰੇ ਨਾਲ ਪੰਜਾਬੀ ਪੜ੍ਹਾਉਣ ਲੱਗਾ। ਉਦੋਂ ਉਹ ਛਾਂਟਵੇਂ ਜੁੱਸੇ ਦਾ ਸੋਹਣਾ ਸੁਨੱਖਾ ਨੌਜੁਆਨ ਸੀ ਜੋ ਬੈਡਮਿੰਟਨ ’ਚ ਮੈਨੂੰ ਹਰਾ ਦਿੰਦਾ। ਜਿੱਦਣ ਖੇਡਣ ਵਾਲੇ ਚਾਰ ਜਣੇ ਜੁੜ ਜਾਂਦੇ ਉੱਦਣ ਹਰੇਕ ਉਸ ਨੂੰ ਆਪਣੀ ਟੀਮ ਵਿਚ ਪਾਉਣ ਦੀ ਮੰਗ ਕਰਦਾ। ’ਕੱਠੇ ਖਾਣ ਪੀਣ, ਸਿਹਤ ਬਣਾਉਣ ਤੇ ਖੇਡਣ ਮੱਲ੍ਹਣ ਦੀ ਚੇਟਕ ਉਸ ਨੂੰ ਢੁੱਡੀਕੇ ਦੇ ਮਾਹੌਲ ਨੇ ਲਾਈ ਜੋ ਉਸ ਨੇ ਨਾ ਅਬੋਹਰ-ਮੁਕਤਸਰ ਜਾ ਕੇ ਛੱਡੀ ਤੇ ਨਾ ਜਲੰਧਰ ਰਹਿੰਦਿਆਂ ਛੱਡ ਹੋਈ। ਲਾਜਪਤ ਰਾਏ ਖੇਡ ਮੇਲੇ ਢੁੱਡੀਕੇ ਦੇ ਨਜ਼ਾਰੇ ਤਾਂ ਉਸ ਨੂੰ ਹੁਣ ਤਕ ਵੀ ਨਹੀਂ ਭੁੱਲੇ ਹੋਣਗੇ। ਜੇ ਉਹ 67 ਸਾਲਾਂ ਦਾ ਅਜੇ ਵੀ ਜੁਆਨ ਦਿਸ ਰਿਹੈ ਤਾਂ ਉਹਦੇ ਪਿੱਛੇ ਸਾਡੀ ਸੰਗਤ ਦਾ ਵੀ ਕੁਝ ਨਾ ਕੁਝ ਯੋਗਦਾਨ ਤਾਂ ਹੋਵੇਗਾ ਹੀ। ਰਹਿੰਦੀ ਕਸਰ ਸਪੋਰਟਸ ਕਾਲਜ ਜਲੰਧਰ ਵਾਲਿਆਂ ਨੇ ਕੱਢ ਦਿੱਤੀ ਹੋਵੇਗੀ।

ਉਹ ਐੱਮਏ ਪੰਜਾਬੀ ਆਨਰਜ਼ ਵਿਚੋਂ ਗੋਲਡ ਮੈਡਲਿਸਟ ਸੀ ਜੋ ਢੁੱਡੀਕੇ ਕਾਲਜ ਵਿਚ ਲੈਕਚਰਾਰ ਲੱਗਣ ਦੇ ਕੰਮ ਆਇਆ। ਅਸੀਂ ਉਸ ਨੂੰ ਖੁੱਲ੍ਹੇ-ਡੁੱਲ੍ਹੇ ਘਰ ਦਾ ਚੁਬਾਰਾ ਲੈ ਦਿੱਤਾ ਜਿਥੇ ਸਾਡੀਆਂ ਵੀ ਮਹਿਫ਼ਲਾਂ ਲੱਗ ਜਾਂਦੀਆਂ। ਕੁਲਬੀਰ ਸੇਵਾਭਾਵੀ ਨੌਜੁਆਨ ਸੀ ਜੋ ਸਭਨਾਂ ਦਾ ਦਿਲ ਮੋਹ ਲੈਂਦਾ। ਢੁੱਡੀਕੇ ਪੜ੍ਹਾਉਂਦਿਆਂ ਉਸ ਦਾ ਅਬੋਹਰ ਕਾਲਜ ਵਿਚ ਪੜ੍ਹਾਉਂਦੀ ਪ੍ਰੋ. ਕਵਲਜੀਤ ਕੌਰ ਨਾਲ ਮੰਗਣਾ ਹੋ ਗਿਆ ਜਿਸ ਨੇ ਆਪਣੇ ਮੰਗੇਤਰ ਕੁਲਬੀਰ ਨੂੰ ਚਿੱਠੀਆਂ ਲਿਖਣ ਦਾ ਰਿਕਾਰਡ ਹੀ ਤੋੜ ਦਿੱਤਾ। ਪਹਿਲਾਂ ਤੀਜੇ ਚੌਥੇ ਦਿਨ ਤੇ ਫਿਰ ਆਏ ਦਿਨ ਚਿੱਠੀ! ਪਾਣੀ ਪਿਆਉਣ ਵਾਲੀ ਮਾਈ ਚਿੱਠੀ ਸਟਾਫ ਰੂਮ ’ਚ ਲਿਆਉਂਦੀ ਤਾਂ ‘ਆਗੀ’ ਕਹਿ ਕੇ ਸਾਡੇ ਹਾਸੇ ਦੀਆਂ ਫੁੱਲਝੜੀਆਂ ਖਿੜਦੀਆਂ ਜੀਹਦੇ ਨਾਲ ਮਾਈ ਵੀ ਦੰਦਾਂ ’ਚ ਚੁੰਨੀ ਲੈ ਕੇ ਹੱਸਦੀ!

ਜੇ ਕਿਤੇ ਉਹ ਚਿੱਠੀਆਂ ਸੰਭਾਲ ਲਈਆਂ ਹੋਣ ਤਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਜੀਤਾਂ ਦੇ ਨਾਂ ਚਿੱਠੀਆਂ ਵਾਂਗ ਪ੍ਰੋ. ਕਵਲਜੀਤ ਕੌਰ ਦੀਆਂ ਪ੍ਰੋ. ਕੁਲਬੀਰ ਸਿੰਘ ਦੇ ਨਾਂ ਚਿੱਠੀਆਂ ਦੀ ਵੱਖਰੀ ਕਿਤਾਬ ਬਣ ਸਕਦੀ ਹੈ। ਹੁਣ ਢੁੱਡੀਕੇ ਦਾ ਕਿੱਸਾ ਹੋਰ ਨਾ ਹੀ ਛੇੜਾਂ ਤਾਂ ਚੰਗਾ, ਨਹੀਂ ਤਾਂ ਜਸਵੰਤ ਸਿੰਘ ਕੰਵਲ ਦੀਆਂ ਗੱਲਾਂ ਤੁਰ ਪੈਣੀਆਂ ਜਿਸ ਨੇ ਕੁਲਬੀਰ ਸਿੰਘ ਨੂੰ ਮੇਰਾ ਰੇਖਾ ਚਿੱਤਰ ਲਿਖਣ ਲਈ ਪ੍ਰੇਰਿਆ ਸੀ। ਪੇਸ਼ ਹੈ ਉਹਦੀ ਇੱਕ ਖੇਡ ਲਿਖਤ:

# ਮੀਡੀਆ ਅਤੇ ਖੇਡਾਂ ਤੇ ਖਿਡਾਰੀ: ਪ੍ਰੋ. ਕੁਲਬੀਰ ਸਿੰਘ



ਫੋਟੋ ਜਸਵੰਤ ਸਿੰਘ ਕੰਵਲ ਦੇ ਢੁੱਡੀਕੇ ਵਾਲੇ ਬਾਹਰਲੇ ਘਰ, 1983 ਦੀ ਹੈ।

ਮੀਡੀਆ ਅਤੇ ਖੇਡਾਂ

ਮੀਡੀਆ ਨੇ ਖੇਡਾਂ ਦੀ ਚਮਕ ਦਮਕ ਦੁਗਣੀ ਚੌਗਣੀ ਕਰ ਦਿੱਤੀ ਹੈ। ਧਰਤੀ ਦੇ ਕਿਸੇ ਕੋਨੇ ਵਿੱਚ ਵੀ ਮੈਚ ਚੱਲਦਾ ਹੋਵੇ ਤਾਂ ਅਸੀਂ ਆਪਣੇ ਬੈਡਰੂਮ ਵਿੱਚ ਸਰ੍ਹਾਣੇ ਨਾਲ ਢੋਅ ਲਾ ਕੇ ਉਸ ਦਾ ਆਨੰਦ ਮਾਣ ਸਕਦੇ ਹਾਂ। ਹਰੇਕ ਅਖ਼ਬਾਰ ਨੇ ਖੇਡ-ਪੰਨਾ ਰਾਖਵਾਂ ਰੱਖਿਆ ਹੋਇਆ। ਹਰੇਕ ਨਿਊਜ਼ ਚੈਨਲ ਖੇਡਾਂ ਨੂੰ ਵਿਸ਼ੇਸ਼ ਥਾਂ ਦਿੰਦਾ ਹੈ। ਬਹੁਤ ਸਾਰੇ ਖੇਡ ਚੈਨਲ ਚੌਵੀ ਘੰਟੇ ਖੇਡਾਂ ਦਾ ਪ੍ਰਸਾਰਨ ਕਰਦੇ ਹਨ। ਇੱਕ ਖੇਡ-ਪ੍ਰੇਮੀ ਨੂੰ ਹੋਰ ਕੀ ਚਾਹੀਦੈ? ਅਸਲ ਵਿਚ ਦੋਹਾਂ ਦੀ ਦਵੱਲੀ ਲੋੜ ਹੈ। ਮੀਡੀਆ ਖੇਡਾਂ ਰਾਹੀਂ ਪੈਸਾ ਕਮਾਉਂਦੈ ਤੇ ਖੇਡਾਂ ਨੂੰ ਦੁਨੀਆਂ ਦੇ ਘਰ-ਘਰ ਪਚਾਉਂਦੈ। ਖੇਡਾਂ ਅਤੇ ਮੀਡੀਆ ਦੋਹਾਂ ਦਾ ਪ੍ਰਚਾਰ ਪ੍ਰਸਾਰ ਵਧਿਆ ਹੈ ਅਤੇ ਇਹ ਇਨ੍ਹਾਂ ਦੇ ਪ੍ਰਸਪਰ ਰਿਸ਼ਤੇ ਰਾਹੀਂ ਸੰਭਵ ਹੋਇਆ ਹੈ। ਇਸ ਦਵੱਲੀ ਲੋੜ ਵਿਚੋਂ ਹੀ ਖੇਡ-ਮੀਡੀਆ ਨੇ ਜਨਮ ਲਿਆ ਹੈ।

ਅਜੋਕੇ ਸਮੇਂ ਖੇਡਾਂ ’ਚ ਮੀਡੀਆ ਦੀ ਅਹਿਮ ਭੂਮਿਕਾ ਹੈ। ਮੀਡੀਆ ਖੇਡਾਂ ਨੂੰ ਵੱਡੀ ਪੱਧਰ ’ਤੇ ਪ੍ਰਭਾਵਤ ਕਰਨ ਲੱਗਾ ਹੈ। ਖੇਡ-ਪ੍ਰਸਾਰਨ ਤੇ ਖੇਡ-ਕੁਮੈਂਟਰੀ ਨੇ ਖੇਡ-ਦਰਸ਼ਕਾਂ ਦੀ ਗਿਣਤੀ ਲੱਖਾਂ ਕਰੋੜਾਂ ਤੱਕ ਪਹੁੰਚਾ ਦਿੱਤੀ ਹੈ। ਦੋਹਾਂ ਦਾ ਆਪਸ ਵਿੱਚ ਨਹੁੰ-ਮਾਸ ਵਾਲਾ ਰਿਸ਼ਤਾ ਬਣ ਗਿਆ ਹੈ। ਟੈਲੀਵਿਜ਼ਨ ਪ੍ਰਸਾਰਨ ਬਿਨਾਂ ਖੇਡਾਂ ਅਧੂਰੀਆਂ ਲੱਗਦੀਆਂ ਹਨ। ਓਲੰਪਿਕ ਖੇਡਾਂ ਦੌਰਾਨ ਖੇਡ-ਪੱਤਰਕਾਰਾਂ ਤੇ ਖੇਡ-ਬੁਲਾਰਿਆਂ ਦੀ ਮੰਗ ਬਹੁਤ ਵਧ ਜਾਂਦੀ ਹੈ। ਖੇਡਾਂ ਨੂੰ ਸ਼ੋਸ਼ਲ ਮੀਡੀਆ ਤੇ ਡਿਜ਼ੀਟਲ ਮੀਡੀਆ ਨੇ ਵੀ ਵੱਡੀ ਪੱਧਰ ’ਤੇ ਪ੍ਰਭਾਵਤ ਕੀਤਾ ਹੈ। ਜਿੱਥੇ ਭਾਰਤੀ ਖੇਡ ਮੀਡੀਆ ਨੇ ਇਤਿਹਾਸ ਰਚ ਦਿੱਤਾ ਹੈ ਉਥੇ ਪੰਜਾਬੀ ਖੇਡ ਮੀਡੀਆ ਨੇ ਵੀ ਵੱਡੀਆਂ ਮੱਲਾਂ ਮਾਰੀਆਂ ਹਨ। ਵਿਸ਼ਵ ਕਬੱਡੀ ਕੱਪ ਨੂੰ ਘਰ-ਘਰ ਵਿਖਾਉਣ ’ਚ ਪੰਜਾਬੀ ਮੀਡੀਆ ਨੇ ਵੱਡਾ ਯੋਗਦਾਨ ਪਾਇਆ ਸੀ।

ਭਾਰਤ ਵਿੱਚ ਖੇਡ ਮੀਡੀਏ ਦੀ ਸ਼ੁਰੂਆਤ ਅਖ਼ਬਾਰਾਂ ’ਚ ਖੇਡ ਪੰਨੇ ਪ੍ਰਕਾਸ਼ਿਤ ਹੋਣ ਨਾਲ ਹੋਈ। ਖੇਡ ਕਾਲਮਾਂ ਨੇ ਖੇਡ ਮੀਡੀਏ ਨੂੰ ਉਤਸ਼ਾਹਿਤ ਕਰਨ ਵਿੱਚ ਵੱਡਾ ਹਿੱਸਾ ਪਾਇਆ। ਪੰਜਾਬੀ ਖੇਡ ਪੱਤਰਕਾਰੀ ਵਿੱਚ ਇਹ ਭੂਮਿਕਾ ਪ੍ਰਿੰ. ਸਰਵਣ ਸਿੰਘ ਦੇ ਹਫ਼ਤਾਵਾਰ ਤੇ ਮਹੀਨਾਵਾਰ ਕਾਲਮਾਂ ਨੇ ਬਾਖ਼ੂਬੀ ਨਿਭਾਈ ਹੈ। ਦੂਜੇ ਪਾਸੇ ਟੈਲੀਵਿਜ਼ਨ ਦੇ ਪਰਦੇ ਨੇ ਭਾਰਤੀਆਂ ਦੀ ਖੇਡਾਂ ਵਿੱਚ ਦਿਲਚਸਪੀ ਕਈ ਗੁਣਾ ਵਧਾ ਦਿੱਤੀ ਹੈ। ਜਦ ਕੌਮਾਂਤਰੀ ਕ੍ਰਿਕਟ ਮੈਚ ਹੋ ਰਹੇ ਹੋਣ ਤਾਂ ਟੈਲੀਵਿਜ਼ਨ ਦਾ ਜਲੌਅ ਵੇਖਣ ਵਾਲਾ ਹੁੰਦੈ। ਕ੍ਰਿਕਟ ਦੇ ਸ਼ੌਕੀਨ ਕੰਮ-ਕਾਜ ਛੱਡ ਸਾਰਾ-ਸਾਰਾ ਦਿਨ ਟੀਵੀ ਮੂਹਰੇ ਬੈਠੇ ਰਹਿੰਦੇ ਹਨ। ਚੌਂਕਾਂ ਚੁਰਾਹਿਆਂ ਵਿੱਚ ਵੱਡੇ ਟੀਵੀ ਸਕਰੀਨ ਲੱਗ ਜਾਂਦੇ ਹਨ। ਇਉਂ ਲੱਗ ਰਿਹੈ ਹੁੰਦਾ ਜਿਵੇਂ ਖੇਡਾਂ ਮੀਡੀਆ ’ਤੇ ਹਾਵੀ ਹੋ ਗਈਆਂ ਹਨ। ਮੀਡੀਆ ਰਾਹੀਂ ਜਿੰਨਾ ਖੇਡਾਂ ਦਾ ਪ੍ਰਚਾਰ ਪ੍ਰਸਾਰ ਹੋ ਰਿਹਾ ਓਨਾ ਹੀ ਖੇਡਾਂ ਰਾਹੀਂ ਮੀਡੀਆ ਵਧ ਫੁੱਲ ਰਿਹੈ।

ਟੈਲੀਵਿਜ਼ਨ ਨੇ ਮੀਡੀਆ ਅਤੇ ਖੇਡਾਂ ਦੇ ਪ੍ਰਸਪਰ ਰਿਸ਼ਤੇ ਨੂੰ ਬੁਲੰਦੀਆਂ ’ਤੇ ਪਹੁੰਚਾ ਦਿੱਤਾ ਹੈ। ਸਿੱਧੇ ਪ੍ਰਸਾਰਨ ਨੇ ਖੇਡਾਂ ਪ੍ਰਤੀ ਦੁਨੀਆਂ ਦੀ ਦਿਲਚਸਪੀ ਤੇ ਉਤਸੁਕਤਾ ਬੇਹੱਦ ਵਧਾ ਦਿੱਤੀ ਹੈ। ਖੇਡਾਂ ਦੇ ਸਿੱਧੇ ਪ੍ਰਸਾਰਨ ਦੇ ਖੇਤਰ ਵਿੱਚ ਜੋ ਧਾਂਕ ਅੱਜ ਟੈਲੀਵਿਜ਼ਨ ਦੀ ਹੈ ਉਹੀ ਧਾਂਕ ਕਦੇ ਰੇਡੀਓ ਦੀ ਹੁੰਦੀ ਸੀ। ਰੇਡੀਓ ਰਾਹੀਂ ਖੇਡਾਂ ਦੀ ਕੁਮੈਂਟਰੀ ਅੱਜ ਵੀ ਸੁਣੀ ਜਾਂਦੀ ਹੈ ਕਿਉਂਕਿ ਰੇਡੀਓ ਦਾ ਪਹੁੰਚ-ਘੇਰਾ ਬੜਾ ਵਿਸ਼ਾਲ ਹੈ। ਅਖ਼ਬਾਰਾਂ ਨੂੰ ਛਪਣ-ਗਿਣਤੀ ਅਤੇ ਟੈਲੀਵਿਜ਼ਨ ਚੈਨਲਾਂ ਨੂੰ ਦਰਸ਼ਕ-ਗਿਣਤੀ ਅਨੁਸਾਰ ਇਸ਼ਤਿਹਾਰ ਮਿਲਦੇ ਹਨ। ਕ੍ਰਿਕਟ ਦੇ ਕੌਮਾਂਤਰੀ ਮੈਚਾਂ ਦੇ ਸਿੱਧੇ ਪ੍ਰਸਾਰਨ ਸਮੇਂ ਦਰਸ਼ਕਾਂ ਦੀ ਗਿਣਤੀ ਕਰੋੜਾਂ ਤੱਕ ਜਾ ਪੁੱਜਦੀ ਹੈ। ਨਤੀਜੇ ਵਜੋਂ ਇਸ਼ਤਿਹਾਰਬਾਜ਼ੀ ਲਈ 10 ਸਕਿੰਟ ਦੇ ਸਲਾਟ ਦਾ ਰੇਟ ਕਰੋੜਾਂ ਰੁਪਏ ਹੋ ਜਾਂਦਾ ਹੈ। ਖੇਡਾਂ ਅਤੇ ਮੀਡੀਆ ਦੀ ਇਸ ਜੁਗਲਬੰਦੀ ਨੇ ਖੇਡ ਸੰਸਥਾਵਾਂ ਅਤੇ ਮੀਡੀਆ ਅਦਾਰਿਆਂ ਨੂੰ ਮਾਲਾ-ਮਾਲ ਕਰ ਦਿੱਤਾ ਹੈ।

ਮੀਡੀਆ ਅਤੇ ਖੇਡਾਂ ਦੋਹਾਂ ਦੇ ਗਲੋਬਲ ਤੇ ਸਥਾਨਕ ਦਾਇਰੇ ਹਨ। ਦੋਵੇਂ ਇਕੱਠੇ ਇੱਕ ਦੂਸਰੇ ਲਈ ਕੰਮ ਕਰਦੇ ਹਨ। ਡਿਜ਼ੀਟਲ ਅਤੇ ਸ਼ੋਸ਼ਲ ਮੀਡੀਆ ਸਦਕਾ ਖੇਡਾਂ ਨੂੰ ਨਵੇਂ ਖੰਭ ਨਿਕਲ ਆਏ ਹਨ। ਸਿੰਘਾਪੁਰ ਦਾ ਕੁਮੈਂਟੇਟਰ ਵਾਲਟਰ ਲਿਮ ਕਹਿੰਦਾ ਹੈ ਕਿ ਸ਼ੋਸ਼ਲ ਮੀਡੀਆ ਅਤੇ ਖੇਡਾਂ ਦਾ ਜੋੜ ਮੇਲ ਸਵਰਗਾਂ ’ਚ ਬਣਿਆ ਹੈ। ਖੇਡ ਪ੍ਰੇਮੀ, ਖਿਡਾਰੀ, ਖੇਡ ਕਲੱਬ, ਖੁੱਲ੍ਹ ਕੇ ਸ਼ੋਸ਼ਲ ਮੀਡੀਆ ਰਾਹੀਂ ਆਪਣੇ ਹਾਵ-ਭਾਵ ਪ੍ਰਗਟਾਉਂਦੇ ਹਨ। ਖੇਡ ਸ਼ਖ਼ਸੀਅਤਾਂ ਟਵੀਟ ਕਰਦੀਆਂ ਹਨ ਜੋ ਅਗਲੇ ਦਿਨ ਅਖ਼ਬਾਰਾਂ ਦੀਆਂ ਖ਼ਬਰਾਂ ਬਣ ਜਾਂਦੀਆਂ ਹਨ। ਵੈਬ ਚੈਨਲਾਂ, ਵੀਡੀਓ ਚੈਨਲਾਂ ਤੇ ਬਲੌਗਜ਼ ਨੇ ਖੇਡ ਰਿਪੋਰਟਿੰਗ ਦੇ ਢੰਗ ਤਰੀਕੇ ਬਦਲ ਦਿੱਤੇ ਹਨ।

ਖੇਡ ਸੰਸਥਾਵਾਂ ਨੇ ਆਪਣੇ ਮੀਡੀਆ ਪਲੇਟਫ਼ਾਰਮ ਅਤੇ ਕੰਪਨੀਆਂ ਖੜ੍ਹੀਆਂ ਕਰ ਲਈਆਂ ਹਨ ਜਿਹੜੀਆਂ ਖ਼ਬਰਾਂ ਤੇ ਖੇਡਾਂ ਦੇ ਪ੍ਰਸਾਰਨ ਵਿੱਚ ਰਵਾਇਤੀ ਮੀਡੀਆ ਨੂੰ ਪਛਾੜ ਰਹੀਆਂ ਹਨ। ਖੇਡ ਮੀਡੀਆ ਦਾ ਇਹ ਬਦਲਦਾ ਲੈਂਡਸਕੇਪ ਹੈ ਜਿੱਥੇ ਖੇਡ ਸੰਸਥਾਵਾਂ, ਖੇਡ ਪ੍ਰੇਮੀਆਂ ਨੂੰ ਆਪਣੇ ਸ਼ੋਸ਼ਲ ਤੇ ਡਿਜ਼ੀਟਲ ਚੈਨਲਾਂ ਰਾਹੀਂ ਸਿੱਧੇ ਤੌਰ ’ਤੇ ਆਪਣੀ ਸਟੋਰੀ ਦੱਸਦੀਆਂ ਹਨ। ਸ਼ੋਸ਼ਲ ਅਤੇ ਡਿਜ਼ੀਟਲ ਮੀਡੀਆ ਨੇ ਖੇਡਾਂ ਦੀ ਆਵਾਜ਼ ਦੇ ਨਾਲ-ਨਾਲ ਖੇਡਾਂ ਦਾ ਚਿਹਰਾ ਵੀ ਬਦਲ ਦਿੱਤਾ ਹੈ। ਖੇਡਾਂ ਪ੍ਰੇਮੀਆਂ, ਖੇਡ ਸਤਾਰਿਆਂ, ਖੇਡ ਕਲੱਬਾਂ ਤੇ ਖੇਡ ਮੀਡੀਆ ਦਰਮਿਆਨ ਪੈਦਾ ਹੋਇਆ ਇਹ ਨਵਾਂ ਰਿਸ਼ਤਾ, ਨੇੜ-ਭਵਿੱਖ ਵਿੱਚ ਖੇਡ-ਆਵਾਜ਼ ਤੇ ਖੇਡ-ਚਿਹਰੇ ਨੂੰ ਹੋਰ ਕਿੰਨਾ ਬਦਲੇਗਾ ਕਹਿਣਾ ਮੁਸ਼ਕਲ ਹੈ। ਟੈਲੀਵਿਜ਼ਨ ਸਕਰੀਨ, ਸ਼ੋਸ਼ਲ ਮੀਡੀਆ ਤੇ ਡਿਜ਼ੀਟਲ ਮੀਡੀਆ ਨੇ ਖੇਡਾਂ ਦੀ ਦੁਨੀਆਂ ਨੂੰ ਕਿੰਨਾ ਤੇ ਕਿਵੇਂ ਬਦਲ ਦਿੱਤਾ ਹੈ, ਖੇਡ-ਖੋਜਾਰਥੀਆਂ ਲਈ ਖੋਜ ਦਾ ਵਿਸ਼ਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal
Co-Host
Cell:416-587-5520
Email: iqbalmahal46@gmail.com
Iqbal Mahal
Producer & Host
Serving the South Asian Community Since 1976

(905)793-2202
You can
Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਰਤਨ ਟਾਟਾ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ, ਗਾਰਡ ਆਫ਼ ਆਨਰ ਦਿੱਤਾ ਗਿਆ







ਮੁੰਬਈ, 10 ਅਕਤੂਬਰ (ਪੋਸਟ ਬਿਊਰੋ): ਟਾਟਾ ਸੰਨਜ਼ ਦੇ ਚੇਅਰਮੈਨ ਰਤਨ ਨਵਲ ਟਾਟਾ ਦਾ ਵੀਰਵਾਰ, 10 ਅਕਤੂਬਰ ਨੂੰ ਮੁੰਬਈ ਦੇ ਵਰਲੀ ਸ਼ਮਸ਼ਾਨਘਾਟ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਗਿਆ। ਇਸ ਤੋਂ ਪਹਿਲਾਂ ਮ੍ਰਿਤਕ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਨਰੀਮਨ ਪੁਆਇੰਟ ਸਥਿਤ ਨੈਸ਼ਨਲ ਸੈਂਟਰ ਫਾਰ ਪ੍ਰਫਾਰਮਿੰਗ ਆਰਟਸ ਵਿਖੇ ਰੱਖਿਆ ਗਿਆ ਸੀ। ਇੱਥੋਂ ਉਨ੍ਹਾਂ ਦੀ ਅੰਤਿਮ ਯਾਤਰਾ ਵਰਲੀ ਦੇ ਸ਼ਮਸ਼ਾਨਘਾਟ ਪਹੁੰਚੀ।

ਅੰਤਿਮ ਸਸਕਾਰ ਤੋਂ ਪਹਿਲਾਂ ਉਨ੍ਹਾਂ ਨੂੰ ਗਾਰਡ ਆਫ ਆਨਰ ਦਿੱਤਾ ਗਿਆ।





ਰਤਨ ਟਾਟਾ ਨੇ 86 ਸਾਲ ਦੀ ਉਮਰ 'ਚ ਬੁੱਧਵਾਰ ਰਾਤ ਕਰੀਬ 11 ਵਜੇ ਆਖਰੀ ਸਾਹ ਲਿਆ। ਉਨ੍ਹਾਂ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ (ਆਈਸੀਯੂ) ਵਿੱਚ ਦਾਖਲ ਕਰਵਾਇਆ ਗਿਆ ਸੀ ਅਤੇ ਉਹ ਉਮਰ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਸਨ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ, ਗੁਜਰਾਤ ਦੇ ਮੁੱਖ ਮੰਤਰੀ ਭੇਪਿੰਦਰ ਪਟੇਲ, ਮੁਕੇਸ਼ ਅੰਬਾਨੀ ਅਤੇ ਕੁਮਾਰ ਮੰਗਲਮ ਬਿਰਲਾ ਸਮੇਤ ਰਾਜਨੀਤੀ, ਖੇਡਾਂ ਅਤੇ ਕਾਰੋਬਾਰ ਦੀਆਂ ਕਈ ਹਸਤੀਆਂ ਨੇ ਟਾਟਾ ਨੂੰ ਸ਼ਰਧਾਂਜਲੀ ਦਿੱਤੀ। ਅਮਿਤਾਭ ਬੱਚਨ ਨੇ ਲਿਖਿਆ ਕਿ ਇਕ ਯੁੱਗ ਦਾ ਅੰਤ ਹੋ ਗਿਆ ਹੈ।

# ਸੜਕਾਂ ’ਤੇ ਪਏ ਲਾਵਾਰਿਸ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਪਹੁੰਚ ਰਹੇ ਨੇ ਟੋਰਾਂਟੋ

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਰਜਿ. ਚੈਰੀਟੇਬਲ) ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਆਸ਼ਰਮ ਬਾਰੇ ਵਿਚਾਰ ਸਾਂਝੇ ਕਰਨ ਲਈ 19 ਅਤੇ 20 ਅਕਤੂਬਰ ਨੂੰ ਟਰੰਟੋ ਵਿਖੇ ਪਹੁੰਚ ਰਹੇ ਹਨ। ਇਸ ਦੌਰਾਨ ਉਹਨਾਂ ਨੂੰ ਸਿੰਘ ਸਭਾ ਗੁਰਦੁਵਾਰਾ ਸਾਹਿਬ (ਮਾਲਟਨ) ਵਿਖੇ ਮਿਲਿਆ ਜਾ ਸਕਦਾ ਹੈ।

ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਪਹਿਲੇ ਚਾਰ ਸਾਲ ਸਾਇਕਲ ‘ਤੇ ਫਿਰਕੇ ਲੁਧਿਆਣਾ ਸ਼ਹਿਰ ‘ਚ ਸੜਕਾਂ ਕੰਢੇ ਅਤੇ ਗਰੀਬ ਮਜ਼ਦੂਰ ਕਲੋਨੀਆਂ ‘ਚ ਪਏ ਬਿਮਾਰੀਆਂ ਨਾਲ ਪੀੜਤ ਸੈਂਕੜੇ ਹੀ ਲਾਵਾਰਸਾਂ, ਅਪਾਹਜਾਂ ਤੇ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਲਾਵਾਰਸਾਂ, ਬੇਘਰ, ਬੇਸਹਾਰਿਆਂ ਦੇ ਰਹਿਣ ਅਤੇ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੀ ਬਿਲਡਿੰਗ ਤਿਆਰ ਕਰਵਾਈ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਹੁਣ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਦੇ ਕਰੀਬ ਮਰੀਜ਼ ਅਜਿਹੇ ਹਨ ਜਿਹਨਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਹਨਾਂ ‘ਚੋਂ ਜ਼ਿਆਦਾਤਰ ਮਰੀਜ਼ ਆਪਣਾ ਨਾਉਂ ਅਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਅੱਸੀ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ‘ਚ ਹੀ ਕਰਦੇ ਹਨ। ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਡਾ. ਮਾਂਗਟ ਦਾ ਸੰਪਰਕ: ਕੈਨੇਡਾ:403-401-8787; ਇੰਡੀਆ:95018-42506



ਸੜਕ ਕਿਨਾਰੇ ਪਈ ਮਾਤਾ ਪਰੇਮੋ ਨੂੰ ਚੁੱਕਦੇ ਹੋਏ ਡਾ. ਨੌਰੰਗ ਸਿੰਘ ਮਾਂਗਟ।



ਸੜਕ ਕਿਨਾਰੇ ਪਏ ਮਰੀਜ਼ ਦੇ ਜ਼ਖਮਾਂ ’ਤੇ ਪੱਟੀ ਕਰਦੇ ਹੋਏ ਡਾ. ਨੌਰੰਗ ਸਿੰਘ ਮਾਂਗਟ।







# ਪ੍ਰਧਾਨ ਮੰਤਰੀ ਮੋਦੀ ਕਮਿਊਨਿਸਟ ਦੇਸ਼ ਲਾਓਸ ਪਹੁੰਚੇ, ਬੋਧੀ ਭਿਕਸ਼ੂਆਂ ਨੇ ਕੀਤਾ ਸਵਾਗਤ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ-ਆਸੀਆਨ ਸੰਮੇਲਨ 'ਚ ਹਿੱਸਾ ਲੈਣ ਲਈ ਵੀਰਵਾਰ ਨੂੰ 2 ਦਿਨਾਂ ਦੌਰੇ 'ਤੇ ਕਮਿਊਨਿਸਟ ਦੇਸ਼ ਲਾਓਸ ਪਹੁੰਚੇ। ਮੋਦੀ ਨੇ ਭਾਰਤ-ਆਸੀਆਨ ਸੰਮੇਲਨ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਭਾਰਤ ਦੀ ਐਕਟ-ਈਸਟ ਨੀਤੀ ਦਾ ਐਲਾਨ ਕੀਤਾ ਸੀ। ਪਿਛਲੇ ਦਹਾਕੇ ਵਿੱਚ ਇਸ ਨੀਤੀ ਨੇ ਭਾਰਤ ਅਤੇ ਆਸੀਆਨ ਦੇਸ਼ਾਂ ਦੇ ਸਬੰਧਾਂ ਨੂੰ ਨਵੀਂ ਊਰਜਾ, ਦਿਸ਼ਾ ਅਤੇ ਗਤੀ ਦਿੱਤੀ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ, ਆਸੀਆਨ ਖੇਤਰਾਂ ਨਾਲ ਸਾਡਾ ਵਪਾਰ ਲਗਭਗ ਦੁੱਗਣਾ ਹੋ ਕੇ 130 ਬਿਲੀਅਨ ਡਾਲਰ ਤੋਂ ਵੱਧ ਹੋ ਗਿਆ ਹੈ। ਅਸੀਂ ਇੱਕ ਸ਼ਾਂਤੀ ਪਸੰਦ ਦੇਸ਼ ਹਾਂ।



ਮੋਦੀ ਨੇ ਲਾਓਸ ਵਿੱਚ ਭਾਰਤ ਅਤੇ ਬਰੂਨੇਈ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਭਾਰਤ ਦਾ ਆਸੀਆਨ ਦੇ 7 ਦੇਸ਼ਾਂ ਨਾਲ ਸਿੱਧੀ ਉਡਾਨ ਸੰਪਰਕ ਹੈ।


ਪ੍ਰਧਾਨ ਮੰਤਰੀ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ 21ਵੀਂ ਸਦੀ ਭਾਰਤ ਅਤੇ ਆਸੀਆਨ ਦੇਸ਼ਾਂ ਦੀ ਸਦੀ ਹੈ। ਅੱਜ ਜਦੋਂ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਟਕਰਾਅ ਅਤੇ ਤਣਾਅ ਹੈ, ਭਾਰਤ ਅਤੇ ਆਸੀਆਨ ਦਰਮਿਆਨ ਦੋਸਤੀ, ਗੱਲਬਾਤ ਅਤੇ ਸਹਿਯੋਗ ਬਹੁਤ ਮਹੱਤਵਪੂਰਨ ਹੈ।

ਇਸ ਤੋਂ ਪਹਿਲਾਂ ਜਦੋਂ ਉਹ ਲਾਓਸ ਪਹੁੰਚੇ ਤਾਂ ਬੋਧੀ ਭਿਕਸ਼ੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਲਾਓਸ ਦੀ ਰਾਜਧਾਨੀ ਵਿਏਨਟੀਏਨ ਵਿੱਚ ਲਾਓਸ ਦੀ ਰਾਮਾਇਣ ਵੀ ਦੇਖੀ। ਪ੍ਰਧਾਨ ਮੰਤਰੀ ਮੋਦੀ ਲਾਓਸ ਵਿੱਚ 10ਵੀਂ ਵਾਰ ਭਾਰਤ-ਆਸੀਆਨ ਸੰਮੇਲਨ ਵਿੱਚ ਸ਼ਾਮਿਲ ਹੋਏ।

ਵਿਦੇਸ਼ ਮੰਤਰਾਲੇ ਦੇ ਅਨੁਸਾਰ, ਇਸ ਦੌਰਾਨ ਪੀਐਮ ਮੋਦੀ ਆਸੀਆਨ ਦੇਸ਼ਾਂ ਦੇ ਕਈ ਨੇਤਾਵਾਂ ਨਾਲ ਦੋ-ਪੱਖੀ ਗੱਲਬਾਤ ਵੀ ਕਰਨਗੇ। ਲਾਓਸ ਦੇ ਪ੍ਰਧਾਨ ਮੰਤਰੀ ਸੋਨੇਕਸ ਸਿਫੰਡਨ ਨੇ ਮੋਦੀ ਨੂੰ ਸੱਦਾ ਦਿੱਤਾ ਸੀ। ਲਾਓਸ ਇਸ ਸਾਲ ਭਾਰਤ-ਆਸੀਆਨ ਸਿਖਰ ਸੰਮੇਲਨ ਅਤੇ ਪੂਰਬੀ ਏਸ਼ੀਆ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ।



# ਪੇਂਡੂ ਵੋਟਰੋ ਲੋਕ ਸੇਵਾ ਵਾਲੇ ਪੜ੍ਹੇ ਲਿਖੇ ਸਰਪੰਚ/ਪੰਚ ਚੁਣੋ!



ਗਿਆਨ ਸਿੰਘ
(ਕੰਟਰੀਬਿਊਟਰ ਐਡੀਟਰ)
ਮੋਬਾਈਲ 9815784100

ਲੋਕਤੰਤਰ ਵਿਚ ਪਿੰਡਾਂ ਦੀਆਂ ਗਰਾਮ ਸਭਾਵਾਂ/ ਪੰਚਾਇਤਾਂ ਸਭ ਤੋਂ ਮੁੱਢਲਾ ਅੰਗ ਹਨ। ਪਿੰਡਾਂ ਦੀਆਂ ਗਰਾਮ ਸਭਾਵਾਂ ਦੇ ਮੈਂਬਰ ਪੰਚਾਇਤਾਂ ਦੀ ਚੋਣ ਕਰਨਗੇ। ਪਿੰਡਾਂ ਦੇ ਵਿਕਾਸ ਵਿਚ ਗਰਾਮ ਸਭਾਵਾਂ ਅਤੇ ਪੰਚਾਇਤਾਂ ਦੀ ਅਹਿਮ ਭੂਮਿਕਾ ਹੈ। ਪੰਚਾਇਤੀ ਚੋਣਾਂ ਦੇ ਚਲ ਰਹੀ ਚੋਣ ਮੁਹਿੰਮ ਦੌਰਾਨ ਸਰਪੰਚਾਂ ਦੀ ਪਿੰਡ ਵਾਰ ਤੇ ਮੈਂਬਰਾਂ ਦੀ ਵਾਰਡਵਾਈਜ ਚੋਣ ਹੋਵੇਗੀ। ਨਵੀਂ ਤਕਨਾਲੋਜੀ ਵਿਕਸਤ ਹੋਣ ਕਾਰਨ ਪੜ੍ਹੇ ਲਿਖੇ ਸਰਪੰਚਾਂ/ਪੰਚਾਂ ਦੀ ਚੋਣ ਜਰੂਰੀ ਹੈ। ਸਿਆਸੀ ਨੇਤਾ ਅਤੇ ਅਫ਼ਸਰਸਾਹੀ ਪੰਚਾਇਤਾਂ ਨੂੰ ਆਪਨੇ ਮੰਤਵ ਲਈ ਵਰਤਦੀਆਂ ਹਨ। ਪਿਛਲੇ ਸਮੇਂ ਦੌਰਾਨ ਦੇਖਿਆ ਗਿਆ ਹੈ ਜਿਨ੍ਹਾਂ ਪਿੰਡਾਂ ਨੇ ਪੜ੍ਹੇ ਲਿਖੇ ਉਸਾਰੂ ਸੋਚ ਵਾਲੇ ਸਰਪੰਚਾਂ ਦੇ ਹਾਥ ਵਾਗਡੋਰ ਸੌਂਪੀ ਉਨ੍ਹਾਂ ਨੇ ਪਿੰਡਾਂ ਦੇ ਵਿਕਾਸ ਲਈ ਨਵੀਆਂ ਪਿਰਤਾਂ ਪਾਈਆਂ ਹਨ। ਪੰਜਾਬ ਵਿਚ ਪੰਚਾਇਤੀ ਚੋਣਾਂ ਭਾਂਵੇ ਸਿਆਸੀ ਪਾਰਟੀਆਂ ਦੇ ਚੋਣ ਨਿਸ਼ਾਨ ਤੇ ਨਹੀ ਹੋ ਰਹੀਆਂ ਪਰ ਜਿਸ ਤਰੀਕੇ ਨਾਲ ਸੂਚੀਆਂ ਤਿਆਰ ਕਰਨ ਤੋਂ ਲੈ ਕੇ ਸਰਪੰਚੀ ਪੰਚੀ ਲਈ ਨਾਮਜਦਗੀਆਂ ਤੱਕ ਭੂਮਿਕਾ ਨਿਭਾਈ ਹੈ ਹੈਰਾਨੀਜਨਕ ਹੈ। ਸਿਆਸੀ ਪਾਰਟੀਆਂ ਪਿੰਡਾਂ ਦੇ ਭਾਈਚਾਰੇ ਨੂੰ ਤਾਰ ਤਾਰ ਕਰ ਰਹੀਆਂ ਹਨ,ਇਸ ਵਿਚ ਸਭ ਤੋਂ ਵੱਡਾ ਰੋਲ ਸਤਾ ਤੇ ਕਾਬਜ ਪਾਰਟੀ ਤੇ ਉਨ੍ਹਾਂ ਦੇ ਕਾਰਕੁੰਨਾਂ ਦਾ ਹੈ। ਪਿੰਡਾਂ ਦੇ ਲੋਕਾਂ ਨੂੰ ਸਰਬਸੰਮਤੀ ਵਾਲੀਆਂ ਪੰਚਾਇਤਾਂ ਬਣਾਉਣ ਲਈ ਉਤਸਾਹਿਤ ਕੀਤਾ ਜਾਣਾ ਚਾਹੀਦਾ ਸੀ। ਨਾਮਜਦਗੀਆਂ ਦੌਰਾਨ ਅਫ਼ਸਰਾਂ ਨੇ ਵੀ ਨਿਰਪੱਖ ਭੂਮਿਕਾ ਨਹੀ ਨਿਭਾਈ ਸਗੋਂ ਰਾਜਭਾਗ ਵਿਚ ਭਾਗੀਦਾਰਾਂ ਦੇ ਹੁਕਮਾਂ ਤੇ ਫੁੱਲ ਚੜਾਉਦਿਆਂ ਕਈ ਥਾਵਾਂ ਤੇ ਧੱਜੀਆਂ ਉਡਾਈਆਂ ਤੇ ਨਾਮਜਦਗੀ ਪੱਤਰ ਭਰਨ ਨਹੀਂ ਦਿੱਤੇ ਜਾਂ ਰੱਦ ਕਰ ਦਿੱਤੇ। ਚੋਣਾਂ ਵਿਚ ਹੁਣ ਤੱਕ ਜੋ ਧਾਂਦਲੀ ਹੋਈ ਹੈ ਉਸ ਸਬੰਧ ਵਿਚ ਅਨੇਕਾਂ ਉਮੀਦਵਾਰਾਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਇਨਸਾਫ ਲਈ ਦਰਵਾਜਾ ਖੜਕਾਇਆ। ਸਰਪੰਚਾਂ/ਪੰਚਾਂ ਨੂੰ ਚੋਣ ਨਿਸ਼ਾਨ ਅਲਾਟ ਹੋ ਚੁਕੇ ਹਨ ਤੇ ਪਿੰਡਾਂ ਵਿਚ ਸਰਗਰਮੀਆਂ ਤੇਜ ਹੋ ਚੁੱਕੀਆਂ ਹਨ, ਰਾਜਭਾਗ ਦਾ ਅਨੰਦਮਾਣ ਚੁੱਕੀਆਂ ਪਾਰਟੀਆਂ ਜਿਨ੍ਹਾ ਖੁਦ ਆਪਣੇ ਸਮੇਂ ਦੌਰਾਨ ਮਨਮਾਨੀਆਂ ਕੀਤੀਆਂ ਸਨ ਅੱਜ ਕੁਰਲਾ ਰਹੇ ਹਨ। ਹੁਣ ਚੋਣ ਪ੍ਰਕਿਰਿਆ ਆਰੰਭ ਹੈ ਜੇ ਸਹੀ ਸਲਾਮਤ ਚੋਣਾਂ ਦਾ ਦੌਰ ਮੁਕੰਮਲ ਹੁੰਦਾ ਹੈ ਤਾਂ ਪੰਜਾਬ ਦੇ ਵੋਟਰਾਂ ਦੀ ਬਹੁਤ ਵੱਡੀ ਜਿੰਮੇਵਾਰੀ ਹੈ ਕਿ ਕਿਹੋ ਜੇਹੀਆਂ ਪੰਚਾਇਤਾਂ ਦੀ ਚੋਣ ਕਰਦੇ ।

ਭਾਰਤ ਸਰਕਾਰ ਨੇ 73ਵੀਂ ਅਤੇ 74 ਵੀਂ ਸੰਵਿਧਾਨਕ ਸੋਧ ਕਰਕ ਲੋਕਤੰਤਰ ਦੀਆਂ ਮੁੱਢਲੀਆਂ ਇਕਾਈਆਂ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਦੇ ਹੱਥ ਵਿਚ 29 ਵੱਖ ਵੱਖ ਵਿਭਾਗਾਂ ਦਾ ਕਾਰਜ਼ਭਾਰ ਸੌਂਪਣ ਦਾ ਮੰਤਵ ਸਤ੍ਹਾ ਦਾ ਵਿਕੇਂਦਰੀਕਰਨ ਕਰਕੇ ਅਫ਼ਸਰਸ਼ਾਹੀ ਦੀਆਂ ਮਨਮਾਨੀਆਂ ਤੋਂ ਮੁਕਤੀ ਦਿਵਾਉਣਾ ਸੀ। ਕੇਂਦਰ ਤੇ ਸੂਬਾਈ ਸਰਕਾਰਾਂ ਵਾਂਗ ਨਵੀਂ ਪੇਂਡੂ/ਸ਼ਹਿਰੀ ਰਾਜ ਵਿਵਸਥਾ "ਸਥਾਨਕ ਸਵੈ-ਸਰਕਾਰਾਂ" ਬਣਾਉਣਾ ਸੀ, ਭਾਂਵੇ ਇਹ ਕਨੂੰਨ 24 ਅਪ੍ਰੈਲ 1993 ਤੋਂ ਲਾਗੂ ਹੋ ਗਿਆ ਸੀ ਪਰ ਪੰਜਾਬ ਦੀਆਂ ਪ੍ਰਾਂਤਕ ਸਰਕਾਰਾਂ ਤੇ ਅਫਸਰਸ਼ਾਹੀ ਨੇ ਆਪਣੀਆਂ ਮਨਮਾਨੀਆਂ ਚਲਾਉਣ ਤੇ ਸਾਰੀਆਂ ਸ਼ਕਤੀਆਂ ਆਪਣੇ ਕੋਲ ਬਣਾਈ ਰੱਖਣ ਲਈ ਅੱਜ ਤੱਕ ਰਾਜ ਅਦਰ '73ਵੀਂ ਸਵਿਧਾਨਕ ਸੋਧ' ਨੂੰ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ। ਪਜਾਬੀਆਂ ਖਾਸਕਰ ਪ੍ਰੈਸ, ਬੁੱਧੀਜੀਵੀ , ਚੇਤਨ ਤੇ ਤੀਖਣ ਬੁੱਧੀ ਵਾਲੇ ਆਮ ਲੋਕਾਂ ਨੂੰ ਪਚਾਇਤ ਦੀ ਰੂਪ ਰੇਖਾ (ਪਰਿਭਾਸ਼ਾ) ਤੋਂ ਜਾਣੂ ਹੀ ਨਹੀਂ ਕਰਵਾਇਆ। ਅਜੇ ਤੱਕ ਲੋਕਾਂ ਨੂੰ ਗਰਾਮ ਸਭਾ ਅਤੇ ਪੰਚਾਇਤ ਦੇ ਅੰਤਰ ਦਾ ਪਤਾ ਨਹੀਂ , ਪਚਾਇਤਾਂ ਚੁਣੇ ਹੋਏ ਸਰਪੰਚਾਂ/ਪੰਚਾਂ ਤੇ ਅਧਾਰਤ ਇਕਾਈ ਨੂੰ ਹੀ ਗਰਾਮ ਪਚਾਇਤ ਸਮਝਿਆ ਲਿਖਿਆ ਤੇ ਕਿਹਾ ਜਾ ਰਿਹਾ ਹੈ। ਮੌਜੂਦਾ ਪ੍ਰਨਾਲੀ ਅਨੁਸਾਰ ਪਚਾਇਤ ਦੀ ਚੋਣ ਵਿੱਚ ਗ੍ਰਾਮ ਸਭਾ ਭਾਵ ਸਮੁੱਚੇ ਪਿੰਡ ਦੇ ਲੋਕ ਜੋ ਬਾਲਗ ਵੋਟਰ ਹਨ ਹਿੱਸਾ ਲੈਂਦੇ ਹਨ। ਗਰਾਮ ਸਭਾ ਵਿਚ ਗ੍ਰਾਮ ਪਚਾਇਤ ਤੋਂ ਇਲਾਵਾ ਸਥਾਈ ਕਮੇਟੀਆਂ ਵੀ ਹੁਦੀਆਂ ਹਨ। ਪਜਾਬ ਵਿਚ ਉਸ ਵੇਲੇ ਦੀ ਸਰਕਾਰ ਨੇ ਪੰਜਾਬ ਪੰਚਾਇਤੀ ਰਾਜ ਐਕਟ,1994 ਵਿੱਚ ਪਾਸ ਕਰ ਲਿਆ ਜਿਸ ਵਿਚ ਪੰਚਾਇਤੀ ਰਾਜ ਸੰਸਥਾਵਾਂ ਜਿਨ੍ਹਾ ਵਿਚ ਜ਼ਿਲ੍ਹਾ ਪ੍ਰੀਸ਼ਦ,ਪੰਚਾਇਤ ਸੰਮਤੀ ਅਤੇ ਗਰਾਮ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਅਤੇ ਕਰਤੱਵ ਪ੍ਰਦਾਨ ਕਰਨ ਹਿੱਤ ਧਾਰਾਵਾਂ 30,119,120 ਅਤੇ 180 ਰਾਹੀਂ ਵਿਸ਼ੇਸ ਉਪਬੰਧ ਕੀਤੇ ਗਏ ਸਨ, ਪਰ ਇਸਨੂੰ ਸਹੀ ਤਰੀਕੇ ਨਾਲ ਅਮਲ ਵਿੱਚ ਨਹੀਂ ਲਿਆਂਦਾ ਗਿਆ। ਕੇਂਦਰ ਸਰਕਾਰ ਵੱਲੋਂ ਵੀ ਵੱਖ ਵੱਖ ਪ੍ਰਾਂਤਾ ਦੀਆਂ ਗੁੰਝਲਦਾਰ ਭੂਗੋਲਿਕ ਪ੍ਰਸਥਿਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਪਚਾਇਤੀ ਰਾਜ ਐਕਟ 1992 ਦੀ 73ਵੀਂ ਸਵਿਧਾਨਕ ਸੋਧ ਨੂੰ ਸਾਰੇ ਦੇਸ਼ ਵਿੱਚ ਇੱਕ ਸਾਰ ਲਾਗੂ ਨਹੀ ਕੀਤਾ ਗਿਆ। ਇਸ ਕਾਨੂੰਨ ਨੂੰ ਬਣਾਉਣ, ਤਬਦੀਲੀਆਂ ਕਰਨ ਤੇ ਲਾਗੂ ਕਰਨ ਦੀ ਰਾਜ ਸਰਕਾਰਾਂ ਨੂੰ ਦਿੱਤੀ ਗਈ ਖੁਲ੍ਹ ਨੇ ਇਸ ਪੇਂਡੂ ਕ੍ਰਾਂਤੀਕਾਰੀ ਕਾਨੂੰਨ ਦੇ ਲਾਗੂ ਕਰਨ ਵਿੱਚ ਵੱਡਾ ਅੜਿਕਾ ਹੋਣ ਕਰਕੇ ਇਸਦਾ ਫਾਇਦਾ ਉਠਾਉਦਿਆਂ ਕਈ ਪ੍ਰਾਂਤਕ ਸਰਕਾਰਾਂ ਇਸਨੂੰ ਲਾਗੂ ਕਰਨ ਤੋਂ ਬਿਨ੍ਹਾ ਹੀ ਕੰਮ ਚਲਾਈ ਗਈਆਂ ਜਦੋਂ ਕਿ ਕੁਝ ਰਾਜਾਂ ਨੇ ਇਸ ਸਿਸਟਮ ਨੂੰ ਅਮਲੀ ਤੌਰ ਤੇ ਅਪਣਾ ਲਿਆ ਹੈ ।

ਪੰਜਾਬ ਵਿਚ 15 ਜਨਵਰੀ 2004 ਨੂੰ ਪਹਿਲੇ ਪੜ੍ਹਾ ਵਿਚ ਸਿਰਫ 6 ਵਿਭਾਗ (1) ਸਮਾਜਿਕ ਸੁਰੱਖਿਆ,ਇਸਤਰੀ ਅਤੇ ਬਾਲ ਵਿਕਾਸ (2) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਜਾਤੀਆਂ ਦੀ ਭਲਾਈ (3) ਜਨ ਸਿਹਤ (4) ਪੇਂਡੂ ਵਿਕਾਸ ਅਤੇ ਪੰਚਾਇਤ (5) ਸਿਹਤ ਅਤੇ ਪਰਿਵਾਰ ਭਲਾਈ (6) ਸਕੂਲ ਸਿੱਖਿਆ ਦੀਆਂ ਸਕੀਮਾਂ ਅਤੇ ਕਾਰਜ਼ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਣ ਦਾ ਫੈਸਲਾ ਲਿਆ ਸੀ। ਪੰਚਾਇਤੀ ਰਾਜ ਸੰਸਥਾਵਾਂ ਨੂੰ ਅਧਿਕਾਰਾਂ / ਫਰਜ਼ਾਂ ਤੋਂ ਜਾਣੂ ਕਰਵਾਉਣ ਲਈ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਿਖਲਾਈ ਦੇਣ ਲਈ ਪੰਚਾਇਤ ਵਿਭਾਗ ਵਲੋਂ ਪ੍ਰੋਗਰਾਮ ਉਲੀਕਣ ਦੀ ਯੋਜਨਾ ਤਿਆਰ ਕਰਨ ਦਾ ਐਲਾਨ ਕੀਤਾ ਗਿਆ ਸੀ। ਪਿੰਡਾਂ ਦੀਆਂ ਪੰਚਾਇਤਾਂ ਨੂੰ ਤਬਦੀਲ ਕੀਤੀਆਂ ਸਕੀਮਾਂ ਅਤੇ ਸਿਖਲਾਈ ਪ੍ਰੋਗਰਾਮਾਂ ਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਹੁਣ ਤਕ ਕਿਸੇ ਵੀ ਮਹਿਕਮੇ ਦੀ ਸਕੀਮ ਸਰਕਾਰੀ ਤੰਤਰ ਦੀਆਂ ਮਨਮਾਨੀਆਂ ਤੋਂ ਮੁਕਤ ਨਹੀਂ ਹੋ ਸਕੀ,ਸਾਰਾ ਕੰਮ ਪਹਿਲਾਂ ਦੀ ਤਰ੍ਹਾਂ ਹੀ ਹੈ ਫਰਕ ਸਿਰਫ ਇਹ ਹੈ ਕਿ ਤਕਨੀਕੀ ਸਲਾਹ ਦਾ ਨਾ ਲੈ ਕੇ ਅਫ਼ਸਰ ਸਕੀਮਾਂ ਤਿਆਰ ਕਰਕੇ ਜਿੰਮੇਵਾਰੀ ਤੋਂ ਬਚਣ ਲਈ ਪੰਚਾਇਤਾਂ /ਗਰਾਮ ਸਭਾਵਾਂ ਦੇ ਮਤੇ ਪਾਸ ਕਰਵਾ ਲਏ ਜਾਂਦੇ ਹਨ। ਸਰਪੰਚਾਂ/ਪੰਚਾਂ ਦੀ ਸਿਖਲਾਈ ਸਬੰਧੀ ਢਕੀ ਰਿਝੱਣ ਦੇਈਏ ਤਾਂ ਚੰਗਾ ਹੈ,ਨਾ ਸਿਖਲਾਈ ਦੇਣ ਵਾਲੇ ਤੇ ਨਾ ਹੀ ਸਿਖਲਾਈ ਲੈਣ ਵਾਲੇ ਸਰਪੰਚ/ਪੰਚ ਸੁਹਿਰਦ ਹਨ। ਸਰਪੰਚਾਂ /ਪੰਚਾਂ ਦਾ ਅਨਪੜ੍ਹ ਹੋਣਾ,ਘੱਟ ਪੜ੍ਹੇ ਲਿਖੇ ਹੋਣਾ ਤੇ ਖਾਸਕਰ ਇਸਤਰੀ ਸਰਪੰਚਾਂ/ਪੰਚਾਂ ਦੀ ਸਿਖਲਾਈ ਵਿਚ ਦਿਲਚਸਪੀ ਨਾ ਹੋਣਾ ਸਿਖਲਾਈਕਾਰਾਂ ਲਈ ਵਰਦਾਨ ਹੈ। ਪੰਚਾਇਤਾਂ ਦੀ ਸਹਾਇਤਾ ਲਈ ਨਿਯੁਕਤ ਪੰਚਾਇਤ ਸਕੱਤਰ/ ਗਰਾਮ ਸੇਵਕ (ਵੀ.ਡੀ.ਓ.) ਵੀ ਨਹੀਂ ਚਾਹੁੰਦੇ ਕਿ ਸਰਪੰਚਾਂ/ਪੰਚਾਂ ਨੂੰ ਕੰਮ ਕਰਨ ਲਈ ਗਿਆਨ ਪ੍ਰਾਪਤ ਹੋਵੇ। ਪੰਚਾਇਤਾਂ ਦੇ ਪੱਧਰ ਤੇ ਕੰਮ ਸੌਖਾ ਹੋ ਸਕਦਾ ਹੈ ਜੇਕਰ ਸਰਪੰਚਾਂ/ਪੰਚਾਂ ਨੂੰ ਅਜ਼ਾਦਾਨਾ ਕੰਮ ਕਰਨ ਦਿੱਤਾ ਜਾਵੇ ਤੇ ਪੰਚਾਇਤਾਂ ਦਾ ਸਿਆਸੀਕਰਨ ਨਾ ਹੋਵੇ। ਪੰਚਾਇਤਾਂ ਲਈ ਪਹਿਲੀ ਟ੍ਰੇਨਿੰਗ ਨਵੀਂ ਪੰਚਾਇਤ ਦੇ ਅਹੁੱਦਾ ਸੰਭਾਲਣ ਤੋਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਹੋਣੀ ਜਰੂਰੀ ਹੋਵੇ ਅਤੇ ਹਰ ਛੇ ਮਹੀਨਿਆਂ ਬਾਅਦ ਦੋ ਦਿਨ ਦੀ ਸਿਖਲਾਈ ਕਰਵਾਉਣ ਦਾ ਕੈਲੰਡਰ ਤਿਆਰ



ਕੀਤਾ ਜਾਣਾ ਚਾਹੀਦਾ ਹੈ। ਪੰਚਾਇਤ ਸਿਖਲਾਈ ਸੰਸਥਾਵਾਂ ਦਾ ਵਿਕੇਂਦਰੀਕਰਨ ਜ਼ਿਲ੍ਹਾ ਪੱਧਰ ਤੇ ਹੋਣਾ ਜਰੂਰੀ ਹੈ ਤਾਂ ਜੋ ਸਰਪੰਚਾਂ/ਪੰਚਾਂ ਨੂੰ ਉਨ੍ਹਾ ਦੇ ਘਰ ਨੇੜ੍ਹੇ ਸਿਖਲਾਈ ਮਿਲੇ।

ਸਰਪੰਚਾਂ ਦੀ ਚੋਣ ਸਿੱਧੀ ਗਰਾਮ ਸਭਾ ਦੇ ਮੈਂਬਰਾਂ ਰਾਹੀਂ ਕਰਵਾਉਣ ਦਾ ਫੈਸਲਾ ਚੰਗਾ ਹੈ, ਇਸ ਨਾਲ ਮੁਕੱਦਮੇਬਾਜੀ ਅਤੇ ਸਰਪੰਚ ਦੇ ਸਿਰ ਤੇ ਹਮੇਸਾ ਲਈ ਮੈਂਬਰਾਂ ਦੀ ਬਹੁਸੰਮਤੀ ਵਾਲੀ ਲਟਕਦੀ ਤਲਵਾਰ ਦਾ ਡਰ ਨਹੀਂ ਹੋਵੇਗਾ ਭਾਂਵੇ ਗਰਾਮ ਸਭਾ ਅਜੇ ਵੀ ਦੋ ਤਿਹਾਈ ਬਹੁਸੰਮਤੀ ਨਾਲ ਸਰਪੰਚ ਵਿਰੁੱਧ ਮਤਾ ਪਾਸ ਕਰ ਸਕਦੀ ਹੈ।

ਪੰਜਾਬ ਵਿਚ ਸ਼ਹਿਰਾਂ ਦੀ ਤਰਜ਼ ਤੇ ਪੰਚਾਇਤਾਂ ਦੀਆਂ ਚੋਣਾਂ ਵਾਰਡਬੰਦੀ ਅਨੁਸਾਰ ਹੋ ਰਹੀਆਂ ਹਨ। ਪਿੰਡਾਂ ਵਿਚ ਹੋ ਰਹੀਆਂ ਚੋਣਾਂ ਵਿਚ ਮੈਂਬਰਾਂ ਲਈ ਵੱਖ ਵੱਖ ਵਾਰਡ ਹਨ ਪਰ ਸਰਪੰਚ ਨੇ ਆਪਣੀ ਜਿੱਤ ਲਈ ਪੂਰੀ ਗਰਾਮ ਸਭਾ ਵਿਚੋਂ ਵੋਟਾਂ ਲੈਣੀਆ ਹਨ। ਪਹਿਲਾਂ ਜਦੋਂ ਲੋਕ ਸਭਾ/ਵਿਧਾਨ ਸਭਾ ਦੀਆਂ ਇਕੱਠੀਆਂ ਵੋਟਾਂ ਪੈਂਦੀਆਂ ਸਨ ਉਸ ਵੇਲੇ ਵੋਟਰ ਨੂੰ ਦੋ ਦੋ ਵੋਟਾਂ ਇੱਕ ਲੋਕ ਸਭਾ ਲਈ ਤੇ ਦੂਜੀ ਵਿਧਾਨ ਸਭਾ ਲਈ ਪਾਉਣ ਦਾ ਮੌਕਾ ਮਿਲਦਾ ਸੀ ਉਸੇ ਤਰ੍ਹਾਂ ਪਿੰਡਾਂ ਦੇ ਵੋਟਰਾਂ ਨੂੰ ਦੋ ਦੋ ਵੋਟਾਂ ਪਾਉਣ ਦਾ ਮੌਕਾ ਮਿਲੇਗਾ ਇੱਕ ਸਰਪੰਚ ਲਈ ਤੇ ਦੂਜੀ ਪੰਚ ਲਈ। ਪਿੰਡਾਂ ਵਿਚ ਰਾਖਵੇਂਕਰਨ ਤਹਿਤ ਅਨੁਸੂਚਿਤ ਜਾਤੀਆਂ,ਦਲਿਤ ਇਸਤਰੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਾਰਡ ਰਾਖਵੇਂ ਕਰਨ ਸਮੇ ਵੀ ਸਿਆਸੀ ਦਖਲਅੰਦਾਜੀ ਹੋਈ ਹੈ। ਇਸਤਰੀਆਂ ਲਈ ਰਾਖਵੇਂਕਰਨ ਤਾਹਿਤ ਚੋਣਾਂ ਜਿੱਤਣ ਤੋਂ ਬਾਅਦ ਆਮ ਕਰਕੇ ਸਰਪੰਚੀ/ਪੰਚੀ ਉਨ੍ਹਾਂ ਦੇ ਘਰ ਦੇ ਪੁਰਸ਼ਾਂ ਵਲੋਂ ਕੀਤੀ ਜਾਂਦੀ ਹੈ,ਗਲਤ ਕੰਮ ਹੋਣ ਤੇ ਨਤੀਜੇ ਇਸਤਰੀਆਂ ਨੂੰ ਹੀ ਭੁਗਤਣੇ ਪੈਂਦੇ ਹਨ। ਇਸਤਰੀਆਂ ਅਤੇ ਦਲਿਤ ਵਰਗ ਦੇ ਲੋਕਾਂ ਦਾ ਅਨਪੜ੍ਹ ਹੋਣਾ ਨੀਤੀਆਂ ਨੂੰ ਠੀਕ ਤਰੀਕੇ ਨਾਲ ਲਾਗੂ ਕਰਨ ਵਿਚ ਮੁਸ਼ਕਿਲ ਹੀ ਨਹੀਂ ਸਗੋਂ ਕਠਿਨ ਹੈ। ਕੇਂਦਰ /ਰਾਜ ਸਰਕਾਰਾਂ ਦੀਆਂ ਸਕੀਮਾਂ ਆਨਲਾਈਨ ਕੀਤੀਆਂ ਗਈਆਂ ਹਨ ਜਿਨ੍ਹਾਂ ਬਾਰੇ ਗਿਆਨ ਵਿਹੂਣੇ ਲੋਕ ਕਿਵੇਂ ਨਜਿੱਠਣਗੇ। ਪੰਜਾਬ ਦੇ ਵੋਟਰਾਂ ਨੂੰ ਚਾਹੀਦਾ ਹੈ ਕਿ ਸਰਪੰਚਾਂ/ਪੰਚਾਂ ਦੀ ਚੋਣ ਕਰਨ ਸਮੇਂ ਸਿਆਸੀ ਸੋਚ ਤੋਂ ਉਪਰ ਉਠਕੇ ਪੜ੍ਹੇ ਲਿਖੇ ਅਗਾਂਹ ਵਧੂ ਵਿਚਾਰਾਂ ਵਾਲੇ ਵਿਅਕਤੀਆਂ ਨੂੰ ਤਰਜੀਹ ਦੇਣ ਤਾਂ ਜੋ ਉਹ ਪਿੰਡਾਂ ਦੇ ਵਿਕਾਸ ਅਤੇ ਭਲਾਈ ਕੰਮਾਂ ਨੂੰ ਸਮਰਪਿਤ ਹੋ ਕੇ ਨੇਪਰੇ ਚਾੜ੍ਹ ਸਕਣ। ਪੰਜਾਬ ਵਿਚ ਪਿਛਲੇ ਸਮੇ ਦੌਰਾਨ ਪੰਜਾਬ ਦੇ ਹਮਦਰਦ ਧਾਰਮਿਕ,ਬੁੱਧਜੀਵੀ ਤੇ ਉਸਾਰੂ ਸੋਚ ਵਾਲੇ ਵਿਅਕਤੀਆਂ ਨੇ ਪਿੰਡਾਂ ਵਿਚੋਂ ਲੋਕਾਂ ਦੀਆਂ ਹਮਦਰਦ ਪੰਚਾਇਤਾਂ ਦੀ ਚੋਣ ਲਈ ਨਸ਼ਿਆਂ ਤੋਂ ਰਹਿਤ ਅਤੇ ਉਸਾਰੂ ਸੋਚ ਵਾਲੇ ਵਿਅਕਤੀਆਂ ਨੂੰ ਸਰਪੰਚ/ਪੰਚ ਚੁਣਨ ਲਈ "ਪਿੰਡ ਬਚਾਓ ਪੰਜਾਬ ਬਚਾਓ" ਮੁਹਿੰਮ ਚਲਾ ਕੇ ਵੋਟਰਾਂ ਨੂੰ ਜਾਗਰਿਤ ਕਰਨ ਦੀ ਕੋਸ਼ਿਸ ਕੀਤੀ ਹੈ। ਇਸ ਮੁਹਿੰਮ ਦੌਰਾਨ ਲੋਕਾਂ ਨੂੰ ਗਰਾਮ ਸਭਾਵਾਂ ਤੇ ਪੰਚਾਇਤਾਂ ਦੇ ਅੰਤਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ।

ਭਾਰਤੀ ਸਵਿਧਾਨ ਅਨੁਸਾਰ ਜਿਵੇਂ ਕੇਂਦਰ/ ਰਾਜ ਸਰਕਾਰਾਂ ਨੂੰ ਚੋਣ ਕਰਨ ਅਤੇ ਫਿਰ ਸਰਕਾਰਾਂ ਬਣਾਉਣ ਤੇ ਚਲਾਉਣ ਲਈ ਚੁਣੇ ਹੋਏ ਮੈਂਬਰਾਂ ਨੂੰ ਅਧਿਕਾਰ ਦਿੱਤੇ ਹੋਏ ਹਨ। ਉਸੇ ਤਰਾਂ ਹੀ ਪਚਾਇਤਾਂ, ਬਲਾਕ ਸਮਿਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਚੁਣਨ ਤੇ ਚਲਾਉਣ ਲਈ ਪਿੰਡਾਂ ਦੇ ਵੋਟਰਾਂ ਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਕਾਨੂੰਨੀ ਅਧਿਕਾਰ ਦਿੱਤੇ ਗਏ ਹਨ ਪਰ ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਇੱਕ ਸੋਚੀ ਸਮਝੀ ਸਾਜਿਸ਼ ਅਧੀਨ ਹੁਕਮਰਾਨ ਰਾਜਸੀ ਪਾਰਟੀਆਂ ਤੇ ਅਫਸਰਸ਼ਾਹੀ ਨੇ ਇਨਾਂ ਕਾਨੂੰਨੀ ਅਧਿਕਾਰਾਂ ਤੇ ਫਰਜ਼ਾਂ ਸਬਧੀ ਪਿੰਡਾਂ ਦੇ ਲੋਕਾਂ ਨੂੰ ਹਨੇਰੇ ਵਿੱਚ ਰੱਖਿਆ। ਲੋਕਤੰਤਰ ਵਿਚ ਸਭ ਤੋਂ ਸ਼ਕਤੀਸ਼ਾਲੀ ਅਦਾਰਾ ਹੈ ਗਰਾਮ ਸਭਾ। ਇਹ ਅਸਲ ਵਿੱਚ ਪਿੰਡਾਂ ਦੀ "ਲੋਕ ਸਭਾ" ਹੈ। ਗਰਾਮ ਸਭਾ ਲਈ ਕੋਈ ਚੋਣ ਨਹੀਂ ਹੁਦੀ,ਪਿੰਡ ਦਾ ਹਰ ਵੋਟਰ ਗਰਾਮ ਸਭਾ ਦਾ ਮੈਂਬਰ ਹੈ। ਕਨੂੰਨ ਅਨੁਸਾਰ ਸਾਲ ਵਿਚ ਚਾਰ ਵਾਰ ਗਰਾਮ ਸਭਾ ਦਾ ਇਜ਼ਲਾਸ ਬੁਲਾਕੇ ਯੋਜਨਾਬੰਦੀ ਕਰਨਾ ਤੇ ਸਕੀਮਾਂ ਪਾਸ ਕਰਨੀਆਂ ਜਰੂਰੀ ਹਨ। ਪਿੰਡ ਵਿਚ ਲਗਾਤਾਰ ਗਰਾਮ ਸਭਾ ਦੀਆਂ ਦੋ ਮੀਟਿੰਗਾਂ ਨਾ ਹੋਣ ਤੇ ਸਰਪੰਚ/ਪੰਚ-ਾਇਤ ਨੂੰ ਬਰਖ਼ਾਸਤ ਕੀਤਾ ਜਾ ਸਕਦਾ ਹੈ। ਇਹ ਕੰਮ ਵਧੇਰੇ ਕਰਕੇ ਕਾਗਜਾਂ ਤਕ ਸੀਮਤ ਰਿਹਾ ਹੈ, ਛੋਟੇ ਪਿੰਡਾਂ ਵਿਚ ਗਰਾਮ ਸਭਾਵਾਂ ਦੇ ਇਜ਼ਲਾਸ ਕੁਝ ਹੱਦ ਤਕ ਸੰਭਵ ਹਨ ਪਰ ਵੱਡੇ ਪਿੰਡਾਂ ਵਿਚ ਤਾਂ ਬਿਲਕੁਲ ਫਰਜ਼ੀ ਕਾਰਵਾਈ ਤਕ ਸੀਮਤ ਹਨ। ਪਹਿਲੀ ਵਾਰ ਗਰਾਮ ਸਭਾ ਦੇ ਮੈਂਬਰਾਂ ਦੀ ਦੋ ਤਿਆਹੀ ਹਾਜਰੀ ਜਰੂਰੀ ਹੈ, ਪਰ ਕਾਰਵਾਈ ਦੂਜੀ ਵਾਰ ਜਾ ਕੇ ਮੁਕੰਮਲ ਹੁੰਦੀ ਹੈ ਜਦੋਂ ਕੋਰਮ 10 ਪ੍ਰਤੀਸ਼ਤ ਰਹਿ ਜਾਂਦਾ ਹੈ। ਪਿੰਡ ਦੇ ਬੱਜਟ, ਯੋਜਨਾਬੰਦੀ, ਵਿਕਾਸ ਅਤੇ ਸਮਾਜ ਭਲਾਈ ਸਕੀਮਾਂ ਦੀ ਵਿਉਂਤਵਦੀ ਪੰਚਾਇਤ ਨੇ ਤਿਆਰ ਕਰਕੇ ਗਰਾਮ ਸਭਾ ਵਿਚੋ ਪਾਸ ਕਰਵਾਉਣੀ ਹੈ। ਪਿੰਡ ਵਿਚ ਪਾਸ ਹੋਈ ਯੋਜਨਬੰਦੀ ਪੰਚਾਇਤ ਸੰਮਤੀ ਕੋਲ, ਪੰਚਾਇਤ ਸੰਮਤੀਆਂ ਸਾਰੇ ਪਿੰਡਾਂ ਦੀਆਂ ਯੋਜਨਾਬੰਦੀ ਨੂੰ ਪਾਸ ਕਰਕੇ ਜ਼ਿਲ੍ਹਾ ਪ੍ਰੀਸਦਾਂ ਕੋਲ ਭੇਜਦੀਆਂ ਜੋ ਅਗੋ ਰਾਜ ਸਰਕਾਰ ਤੇ ਕੇਂਦਰ ਸਰਕਾਰ ਤੱਕ ਜਾਂਦੀਆਂ ਹਨ।

ਆਓ ਅਸੀਂ ਸਾਰੇ ਪਿੰਡਾਂ ਦੇ ਸੂਝਵਾਨ ਵੋਟਰ ਅਗਲੇ ਪੰਜ ਸਾਲਾਂ ਲਈ ਅਜਿਹੇ ਸੂਝਵਾਨ ਸਰਪੰਚਾਂ/ਪੰਚਾਂ ਦੀ ਚੋਣ ਕਰੀਏ ਜੋ ਤਕਨੀਕੀ ਯੁੱਗ ਦੇ ਹਾਣੀ ,ਪਿੰਡਾਂ ਪ੍ਰਤੀ ਵਿਕਾਸ ਦੀ ਸੋਚ ਰੱਖਦੇ ਹੋਣ,ਪਿੰਡਾਂ ਵਿਚੋਂ ਨਸ਼ਾਖ਼ੋਰੀ ਖ਼ਤਮ ਕਰਨ ਅਤੇ ਲੜ੍ਹਾਈ ਝਗੜਿਆਂ ਦਾ ਨਿਆਂ ਕਰਨ ਦੇ ਯੋਗ ਹੋਣ। ਪਚਾਇਤਾਂ ਕੋਲ ਛੋਟੇ ਫੌਜਦਾਰੀ ਤੇ ਦੀਵਾਨੀ ਕੇਸਾਂ ਦੀ ਸੁਣਵਾਈ ਕਰਨ ਦੇ ਅਧਿਕਾਰ ਹਨ। ਪੰਚਾਇਤਾਂ ਵਲੋਂ ਕੀਤੇ ਫੈਸਲੇ ਨੂੰ ਕਿਸੇ ਵੀ ਅਦਾਲਤ ਨੇ ਗਲਤ ਕਰਾਰ ਨਹੀਂ ਦਿੱਤਾ। ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਨੇ ਵਿਚ ਵੀ ਪੰਚਾਇਤੀ ਫੈਸਲੇ ਨੂੰ ਸਰਵਉੱਚ ਮੰਨਿਆਂ ਤੇ ਫੈਸਲੇ ਸੁਣਾਏ ਹਨ। ਹਾਲ ਹੀ ਵਿਚ ਕੁਝ ਦਿਨ ਪਹਿਲਾਂ ਮਾਨਯੋਗ ਸੁਪਰੀਮ ਕੋਰਟ ਨੇ ਮਹਾਂਰਾਸ਼ਟਰ ਦੇ ਇੱਕ ਪਿੰਡ ਦੀ ਮਹਿਲਾ ਸਰਪੰਚ ਨੂੰ ਹਟਾਉਣ ਦਾ ਹੁਕਮ ਰੱਦ ਕਰਦਿਆਂ ਕਿਹਾ ਕਿ ਚੁਣੇ ਹੋਏ ਲੋਕਾਂ ਦੇ ਨੁਮਾਇੰਦੇ ਖਾਸ ਕਰਕੇ ਜਦੋਂ ਮਾਮਲਾ ਪਿੰਡ ਦੀਆਂ ਮਹਿਲਾਵਾਂ ਨਾਲ ਸਬੰਧਤ ਹੋਵੇ ਤਾਂ ਉਸ ਨੂੰ ਹਟਾਉਣ ਦਾ ਮਾਮਲਾ ਹਲਕੇ ਵਿਚ ਨਹੀ ਲਿਆ ਜਾ ਸਕਦਾ। ਇਸ ਦਾ ਅਧਿਕਾਰ ਖੇਤਰ ਪਿੰਡ ਦੀ ਗਰਾਮ ਸਭਾ ਹੈ। ਕੇਂਦਰ ਸਰਕਾਰ ਵਲੋਂ ਪਿੰਡਾਂ ਵਿਚ ਨਿਆਂ ਕਰਨ ਲਈ "ਗਰਾਮ ਨਿਆਂਇਲਿਆ" ਅਦਾਲਤਾਂ ਸਥਾਪਿਤ ਕਰਨ ਦੀ ਯੋਜਨਾ ਸੁਰੂ ਹੈ। ਪਰਿਵਾਰਕ ਝਗੜਿਆਂ ਨੂੰ ਪੰਚਾਇਤਾਂ ਅਤੇ ਸਵੈ ਸੇਵੀ ਸੰਗਠਨਾਂ ਦੀ ਮਦੱਦ ਨਾਲ ਹਲ ਕਰਕੇ ਮੁਕੱਦਮੇਬਾਜੀ ਨੂੰ ਘੱਟ ਕਰਨ ਦਾ ਵੀ ਸੰਕਲਪ ਹੈ। ਪਿੰਡਾਂ ਵਾਲਿਓ ਤੁਹਾਡੀ ਵੋਟ ਪਿੰਡ ਦੇ ਵਿਕਾਸ ਤੇ ਇਨਸਾਫ ਲਈ ਹੈ। ਸਮਝਦਾਰ ਵੋਟਰੋ ਆਪਣੀ ਵੋਟ ਦੀ ਵਰਤੋਂ ਕਰਨ ਤੋਂ ਪਹਿਲਾਂ ਸੋਚੋ! ਤੁਸੀ ਪੜ੍ਹੇ ਲਿਖੇ ਸੂਝਵਾਨ ਸਰਪੰਚ/ਪੰਚ ਦੀ ਚੋਣ ਕਰ ਰਹੇ ਹੋ? ਪੰਚਾਇਤਾਂ ਬਣਨ ਤੋਂ ਬਾਅਦ ਆਉਣ ਵਾਲਾ ਸਮਾਂ ਤੁਹਾਡੇ ਹੱਥ ਵਿਚ ਨਹੀਂ ਹੋਵੇਗਾ। ਪੰਚਾਇਤਾਂ ਦੀ ਚੋਣ ਮੁਕੰਮਲ ਹੋਣ ਉਪਰੰਤ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਦੀ ਚੋਣ ਪ੍ਰਕਿਰਿਆ ਆਰੰਭ ਹੋ ਜਾਵੇਗੀ। ਪੇਂਡੂ ਵੋਟਰੋ ਲੋਕ ਸੇਵਾ ਵਾਲੇ ਪੜ੍ਹੇ ਲਿਖੇ ਸਰਪੰਚ/ਪੰਚ ਚੁਣੋ।



PURBA APPRAISALS INC.

# WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba 416-669-1423
Broker, CRA www.purbahomes.com

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH



1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE



2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION



900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਂਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
"(Based on units sold & commissions)" "Some Conditions Apply.

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022